# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸੋਮਵਾਰ, ਮਿਤੀ 26 ਮਾਰਚ, 2012 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।

ਹਾਜ਼ਰ:-

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਡਾ. ਅਮਰਜੀਤ ਸਿੰਘ ਸਿੱਧੂ
3. ਡਾ. ਆਦਰਸ਼ ਪਾਲ
4. ਡਾ. ਚਰਨਜੀਤ ਸਿੰਘ ਬੱਲ
5. ਡਾ. ਦਿਨੇਸ਼ ਸ਼ਰਮਾ
6. ਡਾ. ਗੁਰਨਾਮ ਕੌਰ ਬੇਦੀ
7. ਸ. ਹਰਚਰਨ ਸਿੰਘ
8. ਡਾ. ਜੇ.ਐਸ. ਬੱਲ
9. ਡਾ. ਜਸਪਾਲ ਸਿੰਘ ਰੰਧਾਵਾ
10. ਸ. ਜਗਦੀਸ਼ ਸਿੰਘ
11. ਪ੍ਰੋ. ਖੇਮ ਸਿੰਘ ਗਿੱਲ
12. ਸ੍ਰੀ ਕਮਲਪਾਲ ਸਿੰਘ
13. ਬਰਗੇਡੀਅਰ ਕੁਲਦੀਪ ਸਿੰਘ ਕਾਹਲੋਂ
14. ਪ੍ਰੋ. ਮਨਜੀਤ ਸਿੰਘ, ਜਲੰਧਰ
15. ਪ੍ਰੋ. ਮਨਜੀਤ ਸਿੰਘ, ਪਟਿਆਲਾ
16. ਸ. ਨਾਨਕ ਸਿੰਘ
17. ਸ. ਪਰਮਜੀਤ ਸਿੰਘ ਮਹੂਰਾ
18. ਡਾ. ਪੀ.ਕੇ. ਸਹਿਜਪਾਲ
19. ਸ. ਪ੍ਰੇਮ ਸਿੰਘ, ਐਡਵੋਕੇਟ
20. ਡਾ. ਰਜਿੰਦਰਜੀਤ ਕੌਰ
21. ਡਾ. ਰਾਧਾ ਸ਼ਰਮਾ
22. ਡਾ. ਰਾਕੇਸ਼ ਮਹਾਜਨ
23. ਡਾ. ਰਜਿੰਦਰ ਕੁਮਾਰ
24. ਸ੍ਰੀ ਰਾਜ ਕੁਮਾਰ ਅਤੀਕਾਏ
25. ਪ੍ਰੋ. ਆਰ.ਕੇ. ਪਰਾਸ਼ਰ
26. ਰਣਦੀਪ ਕੌਰ

27. ਡਾ. ਸਰਿੰਦਰਪਾਲ ਕੌਰ ਢਿੱਲੋਂ
28. ਡਾ. ਸੁਖਦੇਵ ਸਿੰਘ ਖਾਹਰਾ
29. ਡਾ. ਸੁਖਦੇਵ ਸਿੰਘ ਸੋਹਲ
30. ਡਾ. ਐਸ.ਕੇ. ਮੋਡਗਿੱਲ
31. ਡਾ. ਐਸ.ਐਸ. ਜੌਹਲ
32. Fr. Simon Kalladayal
33. ਪ੍ਰੋ. ਸ਼ਰਨਜੀਤ ਸਿੰਘ ਢਿੱਲੋਂ
34. ਪ੍ਰੋ. ਸਵਰਨ ਕੌਰ
35. ਡਾ. ਸਤੀਸ਼ ਵਰਮਾ
36. ਡਾ. ਸ਼ਸ਼ੀ ਕਾਂਤਾ
37. ਸ੍ਰੀ ਸਚਿਨ ਕਾਲੜਾ
38. ਡਾ. ਵਿਕਰਮ ਚੱਢਾ
39. ਸ. ਵਰਿਆਮ ਸਿੰਘ
40. ਡਾ. ਵਿਨੇ ਮਹਿਰਾ
41. ਡਾ. ਇੰਦਰਜੀਤ ਸਿੰਘ, ਰਜਿਸਟਰਾਰ . . . (ਸਕੱਤਰ)

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ ‘ਤੇ ਸਮੂਹ ਮੈਂਬਰ ਸਾਹਿਬਾਨ ਨੂੰ ‘ਜੀ ਆਇਆਂ’ ਆਖਿਆ। ਉਨ੍ਹਾਂ ਸੈਨੇਟ ਦੇ ਪੁਰਾਣੇ ਮੈਂਬਰ ਸਾਹਿਬਾਨ- ਕੈਪਟਨ ਬਲਬੀਰ ਸਿੰਘ ਬਾਠ, ਡਾ. ਦਲਬੀਰ ਸਿੰਘ ਵੇਰਕਾ, ਡਾ. ਹਰਚੰਦ ਸਿੰਘ ਬੇਦੀ, ਡਾ. ਜਸਪਾਲ ਸਿੰਘ, ਪ੍ਰੋਫੈਸਰ ਪਰਮਜੀਤ ਸਿੰਘ ਸਿੱਧੂ, ਸ੍ਰੀਮਤੀ ਰਘਬੀਰ ਕੌਰ ਅਤੇ ਡਾ. ਸੁਦੀਪ ਸਿੰਘ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸੈਨੇਟ ਉੱਤੇ ਸ੍ਰੀ ਚੰਦਰ ਕਾਂਤ ਮਹਾਜਨ, ਸ੍ਰੀ ਹਰਕਮਲਜੀਤ ਸਿੰਘ, ਮਿਸ. ਮੋਨਿਕਾ ਮਲਹੋਤਰਾ ਕੰਧਾਰੀ, ਡਾ. ਸੁਖਦੇਵ ਸਿੰਘ ਖਾਹਰਾ, ਡਾ. ਸੁਖਦੇਵ ਸਿੰਘ ਸੋਹਲ, ਸ. ਵਰਿਆਮ ਸਿੰਘ, ਪ੍ਰੋ. ਵਿਰਸਾ ਸਿੰਘ ਵਲਟੋਹਾ ਅਤੇ ਸ੍ਰੀ ਲਖਬੀਰ ਸਿੰਘ ਲੋਧੀਨੰਗਲ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀ ਇੱਕਤਰਤਾ ਮਿਤੀ 27.9.2011 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 27.9.2011 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀ ਇੱਕਤਰਤਾ ਮਿਤੀ 27.9.2011 ਦੇ ਨਿਰਣਿਆਂ ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀ ਇੱਕਤਰਤਾ ਮਿਤੀ 27.9.2011 ਦੇ ਨਿਰਣਿਆਂ ਤੇ ਕੀਤੀ ਕਾਰਵਾਈ (**ਅੰਤਿਕਾ** ਅਨੁਸਾਰ) ਨੋਟ ਕੀਤੀ ਗਈ।

**ਮਾਲੀ ਸਾਲ 2012-13 ਦੇ ਬੱਜਟ ਅਨੁਮਾਨਾਂ ਦੀ ਪਰਵਾਨਗੀ।**

3. ਮਾਲੀ ਸਾਲ 2012-13 ਲਈ ਯੂਨੀਵਰਸਿਟੀ ਦੇ ਬੱਜਟ ਅਨੁਮਾਨ ਆਦਿ (**ਅੰਤਿਕਾ** ਅਨੁਸਾਰ) ਉਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਮਾਲੀ ਸਾਲ 2012-13 ਦੇ ਬੱਜਟ ਅਨੁਮਾਨਾਂ ਸਬੰਧੀ ਵੇਰਵਾ ਦਿੱਤਾ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

**ਸਾਲ 2011-12 ਦਾ ਲੇਖਾ ਜੋਖਾ**

ਸਾਲ 2011-12 ਦਾ ਮੂਲ ਬਜਟ 25 ਕਰੋੜ 19 ਲੱਖ 87 ਹਜਾਰ ਰੁਪਏ ਦੀ ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਪਲੱਸ ਮੁਢਲੀ ਬਕਾਇਆ ਵਧ ਕੇ 42 ਕਰੋੜ 89 ਲੱਖ 65 ਹਜਾਰ ਰੁਪਏ ਹੋਵੇਗਾ। ਸਾਲ 2011-12 ਦਾ ਮੂਲ ਬਜਟ 242 ਕਰੋੜ 58 ਲੱਖ 52 ਹਜਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ ਸੋਧੇ ਬਜਟ ਅਨੁਮਾਨਾਂ ਵਿਚ ਘਟਾ ਕੇ 190 ਕਰੋੜ 70 ਲੱਖ 89 ਹਜਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਪੰਜਾਬ ਸਰਕਾਰ ਵੱਲੋਂ ਬਤੌਰ ਮੇਨਟੀਨੈਂਸ ਗ੍ਰਾਂਟ 35 ਕਰੋੜ 54 ਲੱਖ 85 ਹਜਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਵੇਗੀ। ਯੂਨੀਵਰਸਿਟੀ ਦੇ ਆਪਣਿਆਂ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 87 ਕਰੋੜ 5 ਲੱਖ 49 ਹਜਾਰ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 121 ਕਰੋੜ 19 ਲੱਖ 72 ਹਜਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2011-12 ਦੌਰਾਨ ਖਰਚੇ ਵਿਚ ਤਕਰੀਬਨ 52 ਕਰੋੜ ਰੁਪਏ ਦੀ ਕਮੀ ਕੀਤੀ ਗਈ ਹੈ, ਜਦਕਿ ਆਮਦਨ ਵਿਚ ਤਕਰੀਬਨ 34 ਕਰੋੜ ਰੁਪਏ ਦਾ ਵਾਧਾ ਕਰਦਿਆਂ ਹੋਇਆਂ ਸਾਲ 2011-12 ਦੇ ਬਜਟ ਦਾ ਅੰਤ 9 ਕਰੋੜ 1 ਲੱਖ 33 ਹਜਾਰ ਰੁਪਏ ਦੀ ਵਾਫਰ ਰਕਮ ਨਾਲ ਕੀਤਾ ਗਿਆ ਹੈ।

**ਸਾਲ 2012-13 ਦੇ ਬਜਟ ਅਨੁਮਾਨ**

ਸਾਲ 2012-13 ਦਾ ਬਜਟ 9 ਕਰੋੜ 1 ਲੱਖ 33 ਹਜਾਰ ਰੁਪਏ ਦੀ ਵਾਫਰ ਰਕਮ ਨਾਲ ਸ਼ੁਰੂ ਹੁੰਦਾ ਹੈ। ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਹੋਣ ਕਰਕੇ ਸੈਲਰੀ ਦਾ ਖਰਚਾ 112 ਕਰੋੜ ਰੁਪਏ ਤੋਂ ਵੱਧ ਕੇ ਤਕਰੀਬਨ 128 ਕਰੋੜ ਰੁਪਏ ਸਲਾਨਾ ਹੋ ਗਿਆ ਹੈ। ਇਸ ਤੋਂ ਇਲਾਵਾ ਵਧੇ ਹੋਏ ਤਨਖਾਹ ਸਕੇਲ ਦੇ ਬਣਦੇ ਬਕਾਏ ਦੀ ਅਦਾਇਗੀ ਹਿੱਤ ਟੀਚਿੰਗ ਸਟਾਫ ਲਈ 43 ਕਰੋੜ ਰੁਪਏ, ਨਾਨ-ਟੀਚਿੰਗ ਸਟਾਫ ਲਈ 5 ਕਰੋੜ ਰੁਪਏ ਅਤੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਦੀ ਵਿਵਸਥਾ ਬੱਜਟ ਵਿਚ ਕੀਤੀ ਗਈ ਹੈ। ਕੁਲ ਮਿਲਾ ਕੇ ਖਰਚੇ ਦੀ ਰਕਮ 263 ਕਰੋੜ 81 ਲੱਖ 27 ਹਜਾਰ ਰੁਪਏ ਹੋਵੇਗੀ।

ਇਸ ਹਾਊਸ ਦੇ ਮਾਨਯੋਗ ਮੈਂਬਰ ਸਾਹਿਬਾਨ ਵੱਲੋਂ ਪੰਜਾਬ ਸਰਕਾਰ ਰਾਹੀਂ ਕੀਤੇ ਸਹਿਯੋਗ ਦੇ ਸਿੱਟੇ ਵਜੋਂ ਸਾਲ 2011-12 ਦੌਰਾਨ ਮਾਨਯੋਗ ਵਿੱਤ ਮੰਤਰੀ ਜੀ ਵੱਲੋਂ ਵਿਧਾਨ ਸਭਾ ਦੇ ਸੈਸ਼ਨ ਵਿਚ ਕੀਤੀ ਗਈ ਘੋਸ਼ਣਾ ਮੁਤਾਬਕ ਸਾਲ 2011-12 ਦੌਰਾਨ ਸਰਕਾਰ ਵਲੋਂ ਯੂਨੀਵਰਸਿਟੀ ਦੀ ਗ੍ਰਾਂਟ ਵਿਚ 50% ਭਾਵ 11 ਕਰੋੜ 84 ਲੱਖ 95 ਹਜਾਰ ਰੁਪਏ ਦਾ ਵਾਧਾ ਕੀਤਾ ਗਿਆ ਸੀ। ਘੋਸ਼ਣਾ ਮੁਤਾਬਕ ਇਹ ਵਾਧਾ ਅਗਾਂਹ ਲਈ ਵੀ ਜਾਰੀ ਰੱਖਣਾ ਬਣਦਾ ਸੀ, ਪ੍ਰੰਤੂ ਪ੍ਰਾਪਤ ਹੋਈ ਸੂਚਨਾ ਮੁਤਾਬਕ ਸਾਲ 2012-13 ਦੇ ਬਜਟ ਵਿਚ ਸਰਕਾਰ ਵੱਲੋਂ ਇਹ ਵਾਧਾ ਵਾਪਸ ਲੈ ਲਿਆ ਗਿਆ ਹੈ। ਮਾਨਯੋਗ ਮੈਂਬਰ ਸਾਹਿਬਾਨ ਨੂੰ ਸਾਡੇ ਵੱਲੋਂ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀ ਪੱਧਰ ਤੇ ਸਰਕਾਰ ਨੂੰ ਪਹੁੰਚ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਕਿ ਇਸ ਵਾਧੇ ਨੂੰ ਜਾਰੀ ਰੱਖਦਿਆ ਹੋਇਆਂ ਸਾਲ 2012-13 ਦੌਰਾਨ ਅਤੇ ਆਉਣ ਵਾਲੇ ਸਾਲਾਂ ਲਈ ਵੀ ਬਤੌਰ ਮੇਨਟੀਨੈਂਸ ਗ੍ਰਾਂਟ 35 ਕਰੋੜ 54 ਲੱਖ 85 ਹਜਾਰ ਰੁਪਏ ਪਲੱਸ 6 ਕਰੋੜ ਰੁਪਏ, ਚਾਰ "ਸਰਕਾਰੀ ਸਹਾਇਤਾ ਪ੍ਰਾਪਤ ਕਾਂਸਟੀਚੂਐਂਟ ਕਾਲਜਾਂ" ਲਈ ਵੱਖਰੇ ਤੌਰ ਤੇ ਪ੍ਰਵਾਨ ਕੀਤਾ ਜਾਵੇ ਅਤੇ ਇਨ੍ਹਾਂ ਕਾਲਜਾਂ ਨੂੰ ਗ੍ਰਾਂਟ ਦੀ ਅਲਾਟਮੈਂਟ ਦਾ ਬਜਟ ਉਪਬੰਧ ਪੰਜਾਬ ਸਰਕਾਰ ਦੇ ਬਜਟ

ਵਿਚ ਵੱਖਰੇ ਤੌਰ ਤੇ ਕੀਤਾ ਜਾਵੇ।

ਇਸ ਆਸ ਤੇ ਕਿ ਸਰਕਾਰ ਵੱਲੋਂ ਵਧੀ ਹੋਈ ਗ੍ਰਾਂਟ ਭਾਵ 35 ਕਰੋੜ 54 ਲੱਖ 85 ਹਜਾਰ ਰੁਪਏ ਦੀ ਪ੍ਰਾਪਤੀ ਹੋਵੇਗੀ ਅਤੇ 43 ਕਰੋੜ ਰੁਪਏ ਦੀ ਪ੍ਰਾਪਤੀ ਸਰਕਾਰ ਪਾਸੋਂ ਟੀਚਿੰਗ ਸਟਾਫ ਦੇ ਵਧੇ ਹੋਏ ਸਕੇਲਾਂ ਦੇ ਬਕਾਇਆ ਦੀ ਅਦਾਇਗੀ ਲਈ ਪ੍ਰਾਪਤ ਹੋਵੇਗੀ, ਇਨ੍ਹਾਂ ਗ੍ਰਾਂਟਾਂ ਅਤੇ ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 103 ਕਰੋੜ 23 ਲੱਖ 5 ਹਜਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁਲ 181 ਕਰੋੜ 77 ਲੱਖ 90 ਹਜਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2012-13 ਦਾ ਬਜਟ 73 ਕਰੋੜ 2 ਲੱਖ 4 ਹਜਾਰ ਰੁਪਏ ਦੇ ਘਾਟੇ ਨਾਲ ਹੋਣ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿੱਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਹਮਣੇ ਰੱਖ ਕੇ ਕੀਤਾ ਜਾਵੇ।

ਸਾਲ 2012-13 ਦੇ ਬਜਟ ਅਨੁਮਾਨ ਦੀ ਕੁੱਲ 263 ਕਰੋੜ 81 ਲੱਖ 27 ਹਜਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:-

| | |
|---|---|
| 1. ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿੱਖਿਆ ਦਾ ਸੁਧਾਰ | 57.21% |
| 2. ਨਾਨ-ਟੀਚੰਗ ਵਿਭਾਗ (ਹੋਸਟਲ, ਪਬਲੀਕੇਸ਼ਨ, ਅਸਟੇਟ, ਉਸਾਰੀ, ਐਨ.ਐਸ.ਐਸ., ਲੈਂਡਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 9.56% |
| 3. ਜਨਰਲ ਐਡਮਿਨਿਸਟ੍ਰੇਸ਼ਨ | 14.26% |
| 4. ਪ੍ਰੀਖਿਆਵਾਂ ਦਾ ਸੰਚਾਲਨ | 3.51% |
| 5. ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ) (ਸੇਵਾ-ਮੁਕਤੀ ਲਾਭ, ਵਹੀਕਲਜ਼, ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨੀਕੀਕਰਨ) | 13.94% |
| 6. ਇਮਾਰਤਾਂ ਦੀ ਉਸਾਰੀ | 1.52% |

ਸਾਲ 2011-12 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 3 ਕਰੋੜ ਰੁਪਏ ਦੀ ਫੀਸ ਰਿਫੰਡ ਕੀਤੀ ਗਈ ਹੈ ਜਾਂ ਕਨਸੈਸ਼ਨ ਵਜੋਂ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 23 ਲੱਖ ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਜਾ ਚੁੱਕੀ ਹੈ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਕਲਾਰਸ਼ਿਪ ਦੀ ਅਦਾਇਗੀ ਕਰਵਾਉਣ ਲਈ 2 ਕਰੋੜ 39 ਲੱਖ ਰੁਪਏ ਦੀ ਰਕਮ ਦੇ ਕਲੇਮ ਪੰਜਾਬ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ। ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਸ਼ੀਲਡ ਅਤੇ ਬਲੇਜਰ ਆਦਿ ਤੋਂ ਇਲਾਵਾ ਦਿੱਤੇ ਜਾਂਦੇ ਨਕਦ ਪੁਰਸਕਾਰਾਂ ਵਿਚ ਵੀ ਵਾਧਾ ਕੀਤਾ ਜਾ ਰਿਹਾ ਹੈ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਵਿਦਿਅਕ ਟੂਰ ਕਰਵਾਏ ਜਾਣ ਦੇ ਨਾਲ-ਨਾਲ ਸਮੇਂ-ਸਮੇਂ ਤੇ ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕਰਕੇ ਦੂਰ ਦੂਰ ਤੋਂ, ਇਥੋਂ ਤੱਕ ਕੇ ਵਿਦੇਸ਼ਾਂ ਤੋਂ ਵੀ ਸਬੰਧਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਮਾਨਯੋਗ ਹਾਊਸ ਨੂੰ ਦਸਦਿਆਂ ਸਾਨੂੰ ਇਹ ਖੁਸ਼ੀ ਹੋ ਰਹੀ ਹੈ ਕਿ ਯੂਨੀਵਰਸਿਟੀ ਵੱਲੋਂ ਇਹ ਟੀਚਾ ਮਿੱਥਿਆ ਗਿਆ ਹੈ ਕਿ ਵਿਦਿਆ ਦਾ ਮਿਆਰ ਉੱਚਾ ਕਰਨ ਅਤੇ ਇਸ ਮਿਆਰ ਨੂੰ ਸਮਾਜ ਦੇ ਕਲਿਆਣ ਹਿੱਤ ਵਰਤੋਂਯੋਗ ਕਰਨ ਲਈ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿਚ ਰਿਸਰਚ ਦੇ ਕੰਮ ਵਿਚ ਵਾਧਾ

ਕੀਤਾ ਜਾਵੇ, ਜਿਸ ਲਈ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੇ ਹਰੇਕ ਟੀਚਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਸਮੇਂ 400 ਤੋਂ ਵੱਧ ਵਿਦਿਆਰਥੀ ਯੂ.ਜੀ.ਸੀ., ਡੀ.ਐਸ.ਟੀ. ਅਤੇ ਹੋਰ ਦੂਸਰੀਆਂ ਏਜੰਸੀਆਂ ਦੇ ਪ੍ਰੋਜੈਕਟਾਂ ਅਧੀਨ ਰਿਸਰਚ ਦਾ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਵਲੋਂ ਆਪਣੀ ਪੱਧਰ ਤੇ ਪਿਛਲੇ ਸਾਲ ਇਹ ਵਿਵਸਥਾ ਕੀਤੀ ਗਈ ਸੀ ਕਿ ਇਸ ਯੂਨੀਵਰਸਿਟੀ ਵਿਚ Pre-Ph.D. ਦੀ ਪ੍ਰੀਖਿਆ ਜਾਂ NET ਪਾਸ ਖੋਜ ਕਰਨ ਵਾਲੇ 50 ਸਕਾਲਰਜ਼ ਨੂੰ 5 ਹਜਾਰ ਰੁਪਏ ਪ੍ਰਤੀ ਮਹੀਨਾ ਸਕਾਲਰਸ਼ਿਪ ਦਿੱਤਾ ਜਾਵੇ। ਸਾਲ 2012-13 ਦੌਰਾਨ ਇਨ੍ਹਾਂ ਦੀ ਗਿਣਤੀ ਵਧਾ ਕੇ 100 ਕਰ ਦਿੱਤੀ ਗਈ ਹੈ ਅਤੇ ਸਕਾਲਰਸ਼ਿਪ ਦੀ ਰਕਮ ਵਿਚ ਵਾਧਾ ਕਰਦਿਆਂ 7 ਹਜਾਰ 500 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਸਾਇੰਸ ਅਤੇ ਟੈਕਨਾਲੋਜੀ ਦੀ ਰਿਸਰਚ ਦਾ ਮਿਆਰ ਹੋਰ ਉੱਚਾ ਕਰਨ ਲਈ ਯੂਨੀਵਰਸਿਟੀ ਵਲੋਂ ਤਕਰੀਬਨ 7 ਕਰੋੜ ਰੁਪਏ ਦੀ ਲਾਗਤ ਨਾਲ Highly Sophisticated Instruments ਦੀ ਖਰੀਦ ਕੀਤੀ ਗਈ ਹੈ। ਇਨ੍ਹਾਂ ਯੰਤਰਾਂ ਦਾ ਇਸਤੇਮਾਲ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਵਲੋਂ ਕਰਨ ਲਈ ਯੂਨੀਵਰਸਿਟੀ ਵਿਖੇ Central Instrumentation Facility ਵੱਖਰੇ ਤੌਰ ਤੇ ਸਥਾਪਿਤ ਕਰ ਦਿੱਤੀ ਗਈ ਹੈ। ਇਨ੍ਹਾਂ ਦੀ ਮੇਨਟੀਨੈਂਸ ਲਈ ਯੂਨੀਵਰਸਿਟੀ ਦੇ ਬਜਟ ਵਿਚ 20 ਲੱਖ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਗਿਆਰਵੇਂ ਪਲਾਨ ਦੌਰਾਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਭਾਰਤ ਦੀਆਂ ਛੇ ਯੂਨੀਵਰਸਿਟੀਆਂ ਨੂੰ University with Potential for Excellence ਦਾ ਸਨਮਾਨ ਪ੍ਰਦਾਨ ਕੀਤਾ ਗਿਆ ਹੈ। ਇਹ ਸਨਮਾਨ ਹਾਸਲ ਕਰਨ ਵਾਲੀਆਂ ਯੂਨੀਵਰਿਸਟੀਆਂ ਵਿਚੋਂ ਇਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੀ ਸ਼ਾਮਲ ਹੈ। ਇਸ ਸਕੀਮ ਅਧੀਨ ਯੂਨੀਵਰਸਿਟੀ ਨੂੰ ਕੁਲ 50 ਕਰੋੜ ਰੁਪਏ ਦੀ ਗ੍ਰਾਂਟ ਪ੍ਰਵਾਨ ਕੀਤੀ ਗਈ ਹੈ, ਜਿਸ ਦਾ ਇਸਤੇਮਾਲ ਖੋਜ ਵਿਚ ਹੋਰ ਉਚਾਈਆਂ ਛੂਹਣ ਲਈ ਕੀਤਾ ਜਾਵੇਗਾ।

ਇਸ ਸਾਲ ਦੌਰਾਨ ਇਮਾਰਤਾਂ ਦੀ ਉਸਾਰੀ ਦੀ ਗਤੀਵਿਧੀਆਂ ਵਿਚ ਅੰਮ੍ਰਿਤਸਰ ਅਤੇ ਬਾਹਰਲੇ ਕੈਂਪਸਾਂ ਵਿਚ ਤੇਜੀ ਲਿਆਂਦੀ ਜਾ ਰਹੀ ਹੈ। ਅੰਮ੍ਰਿਤਸਰ ਕੈਂਪਸ ਵਿਚ ਗਰਲਜ਼ ਹੋਸਟਲ ਦੀ 6 ਮੰਜਲਾਂ ਇਮਾਰਤ, ਹਾਕੀ ਸਟੇਡੀਅਮ ਦੇ ਨਜਦੀਕ ਸਪੋਰਟਸ ਹੋਸਟਲ, ਪੁਰਾਣੇ ਸਪੋਰਟਸ ਹੋਸਟਲ ਦੀ ਐਕਸਟੈਂਸ਼ਨ, ਵੈਲੋਡਰੋਮ ਨਜਦੀਕ ਦਰਸ਼ਕ ਗੈਲਰੀ ਦੀ ਉਸਾਰੀ ਕੀਤੀ ਜਾ ਰਹੀ ਹੈ। ਗੁਰਦਾਸਪੁਰ ਕੈਂਪਸ ਵਿਚ ਆਈ.ਟੀ. ਬਲਾਕ ਦੀ ਚੌਥੀ ਮੰਜ਼ਿਲ, ਮੁਕੰਦਪੁਰ ਦੇ ਆਈ.ਟੀ. ਬਲਾਕ ਇਮਾਰਤ ਦੀ ਐਕਸਟੈਂਸ਼ਨ ਅਤੇ ਸਕੂਲ ਬਿਲਡਿੰਗ ਦੀ ਇਮਾਰਤ ਵਿਚ ਵਾਧਾ ਕੀਤਾ ਜਾ ਰਿਹਾ ਹੈ। ਸੁਲਤਾਨਪੁਰ ਲੋਧੀ ਕੈਂਪਸ ਵਿਚ ਬਾਊਂਡਰੀ ਵਾਲ, ਚਾਰ ਮੰਜਲਾ ਆਈ.ਟੀ. ਬਲਾਕ ਦੇ ਨਾਲ ਨਾਲ ਸੜਕਾਂ ਆਦਿ ਦੀ ਉਸਾਰੀ ਕੀਤੀ ਜਾ ਰਹੀ ਹੈ। ਸਠਿਆਲਾ ਕੈਂਪਸ ਨੂੰ ਇਕ ਮੁਕੰਮਲ ਕੈਂਪਸ ਦਾ ਰੂਪ ਦੇਣ ਲਈ ਪ੍ਰਬੰਧਕੀ ਬਲਾਕ, ਅਕੈਡਮਿਕ ਬਲਾਕ, ਗੈਸਟ ਹਾਊਸ, ਗਰਲਜ਼ ਹੋਸਟਲ, ਬੁਆਇਜ਼ ਹੋਸਟਲ, ਡਾਇਨਿੰਗ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ।

ਯੂਨੀਵਰਸਿਟੀ ਦੀ ਤਕਰੀਬਨ ਹਰੇਕ ਬ੍ਰਾਂਚ ਦਾ ਕੰਮ ਕੰਪਿਊਟਰ ਤੇ ਲਿਆਇਆ ਜਾ ਚੁੱਕਾ ਹੈ। ਕੰਪਿਊਟਰ ਦੇ ਕੰਮ ਵਿਚ ਸਾਂਝੇ ਤੌਰ ਤੇ ਸੁਧਾਰ ਕਰਨ ਅਤੇ ਵਿਦਿਆਰਥੀਆਂ ਤੇ ਕਾਲਜਾਂ ਨੂੰ ਹੋਰ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਇਸ ਸਾਲ ਦੇ ਬਜਟ ਵਿਚ ERP Solutions ਦੀ ਮੱਦ ਅਧੀਨ 50 ਲੱਖ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਪੰਜਾਬ ਸਰਕਾਰ ਵਲੋਂ ਜਾਰੀ ਵੱਖ-ਵੱਖ ਨੋਟੀਫਿਕੇਸ਼ਨਾਂ ਨੂੰ ਇਸ ਯੂਨੀਵਰਸਿਟੀ ਦੇ ਕਰਮਚਾਰੀਆਂ ਲਈ ਅਡਾਪਟ ਕਰਦਿਆਂ ਹੋਇਆਂ ਤਕਰੀਬਨ ਹਰੇਕ ਨਾਨ-ਟੀਚਿੰਗ ਕਰਮਚਾਰੀ ਦੀ ਅਦਾਇਗੀ ਯੋਗ ਤਨਖਾਹ ਤੇ ਭੱਤਿਆਂ ਵਿਚ ਵਾਧਾ ਕਰ ਦਿੱਤਾ ਗਿਆ ਹੈ। ਇਨ੍ਹਾਂ ਕਰਮਚਾਰੀਆਂ ਦੇ ਵਧੇ ਹੋਏ ਤਨਖਾਹ ਸਕੇਲਾਂ ਅਤੇ ਪੈਨਸ਼ਨਰਾਂ ਦੀ ਵਧੀ ਹੋਈ ਪੈਨਸ਼ਨ ਦੇ ਬਕਾਇਆ ਦੀ ਅਦਾਇਗੀ ਕੀਤੀ ਜਾ ਰਹੀ ਹੈ। ਟੀਚਿੰਗ ਸਟਾਫ ਦੇ Pay Scale Arrear ਦੀ ਬਣਦੀ ਰਕਮ ਦਾ 80% ਭਾਰਤ ਸਰਕਾਰ ਵਲੋਂ ਦਿੱਤਾ ਜਾਣਾ ਹੈ, ਜਦਕਿ 20% ਦਾ ਵਿੱਤੀ ਬੋਝ ਪੰਜਾਬ ਸਰਕਾਰ ਵਲੋਂ ਝੱਲਿਆ ਜਾਣਾ ਹੈ। ਗ੍ਰਾਂਟ ਦੀ ਰਕਮ ਪ੍ਰਾਪਤ ਹੋਣ ਤੇ ਟੀਚਿੰਗ ਸਟਾਫ ਦੇ Pay Scale Arrear ਦੀ ਬਣਦੀ ਰਕਮ ਦੀ ਅਦਾਇਗੀ ਕਰਨ ਲਈ

ਵਿਵਸਥਾ ਕੀਤੀ ਗਈ ਹੈ, ਜਿਸ ਲਈ ਸਾਲ 2012-13 ਦੇ ਬਜਟ ਵਿਚ 43 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਯੂਨੀਵਰਸਿਟੀ ਦੇ ਵਰਕਿੰਗ ਅਤੇ ਰਿਟਾਇਰਡ ਕਰਮਚਾਰੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਤੰਦਰੁਸਤ ਸਿਹਤ ਸੰਭਾਲ ਲਈ ਯੂਨੀਵਰਸਿਟੀ ਵੱਲੋਂ ਉਚੇਰਾ ਧਿਆਨ ਦਿੱਤਾ ਜਾ ਰਿਹਾ ਹੈ। ਯੂਨੀਵਰਸਿਟੀ ਦੇ ਸਿਹਤ ਕੇਂਦਰ ਵਿਚ ਐਕਸਰੇ, ਈ.ਸੀ.ਜੀ., ਅਲਟਰਾਸਾਊਂਡ ਅਤੇ ਵੱਖ-ਵੱਖ ਟੈਸਟਾਂ ਲਈ ਲੈਬਾਰਟਰੀ ਦੀ ਸਹੂਲਤ ਪਹਿਲਾਂ ਹੀ ਉਪਲਬਧ ਕਰਵਾਈ ਜਾ ਚੁੱਕੀ ਹੈ। ਇਸ ਵਿਚ ਵਾਧਾ ਕਰਦਿਆਂ ਹੋਇਆਂ ਹੱਡੀਆਂ ਦੀ ਜਾਂਚ ਲਈ Bone Density ਮਾਪਣ ਲਈ ਇੰਸਟਰੂਮੈਂਟ ਦੀ ਇਨਸਟਾਲੇਸ਼ਨ ਹੋ ਚੁੱਕੀ ਹੈ। ਥਾਈਰੋਡ, ਹਾਰਟ ਅਤੇ ਕੈਂਸਰ ਦੇ ਟੈਸਟਾਂ ਲਈ ਇੰਸਟਰੂਮੈਂਟਸ ਦੀ ਖਰੀਦ ਕੀਤੀ ਜਾ ਰਹੀ ਹੈ ਅਤੇ ਆਉਣ ਵਾਲੇ ਸਾਲਾਂ ਦੌਰਾਨ ਸਿਹਤ ਕੇਂਦਰ ਵਿਚ ਤਰਤੀਬਵਾਰ ਹੋਰ ਵੀ ਸੁਧਾਰ ਕੀਤੇ ਜਾਂਦੇ ਰਹਿਣਗੇ।

**ਬ੍ਰਗੇਡੀਅਰ ਕੁਲਦੀਪ ਸਿੰਘ ਕਾਹਲੋਂ:-**

ਉਹਨਾਂ ਯੂਨੀਵਰਸਿਟੀ ਦੀ ਕਨਵੋਕੇਸ਼ਨ ਕਰਵਾਉਣ ਲਈ ਉਪ-ਕੁਲਪਤੀ ਸਾਹਿਬ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ, ਜਿਸ ਵਿਚ ਦੋ ਪ੍ਰਤਿਸ਼ਠ ਵਿਅਕਤੀਆਂ ਨੂੰ ਉਨ੍ਹਾਂ ਦੀ ਉੱਘੀ ਸ਼ਖਸੀਅਤ ਕਾਰਣ ਸਨਮਾਨਾਰਥ (Honoris Causa) ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਉਹ ਚਾਰ ਸਾਲਾਂ ਤੋਂ ਸੈਨੇਟ ਦੇ ਮੈਂਬਰ ਹਨ। ਵਿਭਾਗਾਂ ਵਿਚ ਜਿੰਨਾਂ ਸਮੂਚੇ ਤੌਰ ਤੇ ਵਿਦਿਅਕ ਵਿਕਾਸ ਹੋਇਆ ਹੈ ਅਤੇ ਚੰਗੇ ਨਤੀਜੇ ਆਏ ਹਨ, ਉਸ ਲਈ ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਗਿਆਰਵੇਂ ਪਲਾਨ ਦੌਰਾਨ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਭਾਰਤ ਦੀਆਂ ਛੇ ਯੂਨੀਵਰਸਿਟੀਆਂ ਨੂੰ "University with Potential for Excellence" ਦਾ ਸਨਮਾਨ ਪ੍ਰਦਾਨ ਕੀਤਾ ਗਿਆ ਹੈ। ਜਿਸ ਵਿਚ ਸਾਡੀ ਯੂਨੀਵਰਸਿਟੀ ਤੀਸਰੇ ਸਥਾਨ ਤੇ ਆਈ ਹੈ ਇਹ ਵੀ ਤੁਹਾਡੀ ਮਿਹਨਤ ਅਤੇ ਲਗਨ ਸਦਕਾ ਹੀ ਹੋ ਰਿਹਾ ਹੈ। ਇਸ ਵਾਸਤੇ ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ। ਉਨ੍ਹਾਂ ਖਰਚਿਆਂ ਵਿਚ ਕਮੀ ਅਤੇ ਆਮਦਨ ਵਿਚ ਵਾਧਾ ਕਰਨ ਲਈ ਉਪ-ਕੁਲਪਤੀ ਸਾਹਿਬ ਵੱਲੋਂ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਖਰਚੇ ਵਿਚ 52 ਕਰੋੜ ਰੁਪਏ ਦੀ ਕਮੀ ਹੋਈ ਹੈ ਅਤੇ ਆਮਦਨ ਵਿਚ 34 ਕਰੋੜ ਦਾ ਵਾਧਾ ਹੋਇਆ ਹੈ। ਇਹ ਵੀ ਬਜਟ ਨੂੰ ਚੰਗੀ ਤਰ੍ਹਾ ਨਜਿੱਠਣ ਦਾ ਸੁਚੱਜਾ ਢੰਗ ਹੈ। 43 ਕਰੋੜ ਰੁਪਏ ਦੀ ਰਕਮ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਦਿੱਤੀ ਗਈ ਹੈ ਜੋ ਕਿ ਬੜੇ ਚਿਰਾਂ ਤੋਂ ਲਮਕਾਅ ਅਵਸਥਾ ਵਿਚ ਸੀ। ਉਨ੍ਹਾਂ ਮਹਿਸੂਸ ਕੀਤਾ ਹੈ ਕਿ ਪੰਜਾਬੀ ਵਿਭਾਗ ਨੂੰ ਰਿਸਰਚ ਵਾਸਤੇ ਬੜੇ ਘੱਟ ਫੰਡ ਦਿੱਤੇ ਗਏ ਹਨ। ਬਹੁਤ ਵਿਦਿਆਰਥੀ ਰਿਸਰਚ ਲਈ ਚਾਹਵਾਨ ਹਨ, ਇਸ ਫੰਡ ਵਿਚ ਵਾਧਾ ਹੋਣਾ ਚਾਹੀਦਾ ਹੈ। ਯੂਨੀਵਰਸਿਟੀ ਵਿਚ ਪ੍ਰੀ-ਐਗਜਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਹੈ, ਜਿਥੇ ਕਿ ਵਧੀਆ ਸਟਾਫ ਦੀ ਕਮੀ ਹੈ। ਵਿਦਿਆਰਥੀਆਂ ਨੂੰ ਡਿਫੈਂਸ ਕੋਰਸਾਂ ਵਿਚ ਦਾਖਲੇ ਦੀ ਸਹੂਲਤ ਮਿਲਣੀ ਚਾਹੀਦੀ ਹੈ। ਇਸ ਵਿਭਾਗ ਵਿਚ ਵਿਦਿਆਰਥੀਆਂ ਦੀ ਭਰਤੀ ਘੱਟ ਹੈ। ਇਸ

ਪਾਸੇ ਵੱਲ ਵਿਸ਼ੇਸ਼ ਧਿਆਨ ਦੇ ਕੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

**ਡਾ. ਐਸ.ਐਸ. ਜੌਹਲ:-**

ਉਹਨ੍ਹਾਂ ਨੇ ਕਿਹਾ ਕਿ ਬਜੱਟ ਬਹੁਤ ਵਧੀਆ ਤਿਆਰ ਕੀਤਾ ਹੈ। ਸਾਲ 2011-12 ਦਾ ਸੋਧਿਆ ਬਜੱਟ 190 ਕਰੋੜ ਦਾ ਸੀ, ਜੋ ਇਸ ਵਾਰ ਵੱਧ ਕੇ 263 ਕਰੋੜ 81 ਲੱਖ 27 ਹਜਾਰ ਦਾ ਹੋ ਗਿਆ ਹੈ। ਉਹਨਾਂ ਕਿਹਾ ਕਿ ਇਸ ਵਾਰੀ 73 ਕਰੋੜ ਰੁਪਏ ਦਾ ਘਾਟਾ ਹੈ। ਆਮਦਨ ਅਤੇ ਖਰਚੇ ਵਿਚ ਬਹੁਤ ਅੰਤਰ ਹੈ। ਇਹ ਘਾਟਾ ਪੂਰਾ ਕਰਨ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

**ਉਪ-ਕੁਲਪਤੀ ਸਾਹਿਬ:-**

ਉਨ੍ਹਾਂ ਕਿਹਾ ਕਿ 73 ਕਰੋੜ ਵਿਚੋਂ 43 ਕਰੋੜ ਦੀ ਰਕਮ ਕਰਮਚਾਰੀਆਂ ਨੂੰ ਬਕਾਏ ਦੀ ਦਿੱਤੀ ਜਾਣੀ ਹੈ। 30 ਕਰੋੜ ਰੁਪਏ ਦੀ ਸਾਡੀ ਕਪੈਸਟੀ ਹੈ। ਅਸੀਂ ਪੂਰੀ ਕਰ ਲਵਾਂਗੇ। ਉਨ੍ਹਾਂ ਕਿਹਾ ਕਿ ਜਦੋਂ ਤੋਂ ਉਨ੍ਹਾਂ ਇਸ ਯੂਨੀਵਰਸਿਟੀ ਵਿਚ ਵਾਈਸ-ਚਾਂਸਲਰ ਵਜੋਂ ਅਹੁੱਦਾ ਸੰਭਾਲਿਆ ਹੈ, ਬਜੱਟ ਵਿਚ ਬਕਾਇਆ (Surplus) ਰਿਹਾ ਹੈ। ਸਾਲ 2010-11 ਵਿਚ 10 ਕਰੋੜ Surplus ਸੀ। ਸਾਲ 2011-12 ਵਿਚ ਵੀ Surplus ਹੈ। ਇਸ ਕਰਕੇ ਇਸ ਸਾਲ ਕੋਈ ਫੀਸਾਂ ਨਹੀਂ ਵਧਾਈਆਂ ਗਈਆਂ।

**ਰਜਿਸਟਰਾਰ ਸਾਹਿਬ:-**

ਉਹਨਾਂ ਕਿਹਾ ਕਿ ਇਹ ਵਿਵਸਥਾ ਹਰ ਸਾਲ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਦੀ 36 ਕਰੋੜ ਰੁਪਏ ਦੀ ਗ੍ਰਾਂਟ ਦੀ ਵਿਵਸਥਾ ਹੈ, ਜਿਸ ਵਿਚੋਂ 26 ਕਰੋੜ ਪ੍ਰਾਪਤ ਹੋ ਚੁੱਕੇ ਹਨ।

**ਉਪ-ਕੁਲਪਤੀ ਸਾਹਿਬ:-**

ਉਹਨਾਂ ਕਿਹਾ ਕਿ ਅਸੀਂ ਖਰਚ ਕਰਨ ਲੱਗਿਆ ਬਹੁਤ ਸੰਕੋਚ ਕਰਦੇ ਹਾਂ। ਗ੍ਰਾਂਟ ਦੀ ਰਾਸ਼ੀ 36 ਕਰੋੜ ਰੁਪਏ ਸੀ, ਜਿਸ ਵਿਚੋਂ 26 ਕਰੋੜ ਰੁਪਏ ਦੀ ਰਾਸ਼ੀ ਆ ਚੁੱਕੀ ਹੈ। ਅਸੀਂ ਪੰਜਾਬ ਸਰਕਾਰ ਅੱਗੇ ਆਪਣੀਆਂ ਮੰਗਾਂ ਵਾਸਤੇ ਬੇਨਤੀ ਕਰਨੀ ਹੁੰਦੀ ਹੈ।

**ਡਾ. ਸ਼ਰਨਜੀਤ ਸਿੰਘ ਢਿੱਲੋਂ:-**

ਉਹਨਾਂ ਕਿਹਾ ਕਿ ਮਾਰਜਨ 30 ਕਰੋੜ ਦਾ ਹੈ, ਸਕਾਲਰਸ਼ਿਪ ਵਿਚ ਇਹ ਗ੍ਰਾਂਟ ਆਉਂਦੀ ਹੈ।

**ਉਪ-ਕੁਲਪਤੀ ਸਾਹਿਬ:-**

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੂੰ ਅਪਲਾਈ ਕੀਤਾ ਹੈ। ਸਟੇਟ ਲੈਵਲ ਦੇ ਹਰ ਸਾਲ ਜਿਹੜੇ ਵਿਦਿਆਰਥੀ ਸਾਡੀ ਯੂਨੀਵਰਸਿਟੀ ਵਿਚ ਅਪਲਾਈ ਕਰਦੇ ਹਨ, ਉਨ੍ਹਾਂ ਨੂੰ ਅਸੀਂ ਸਕਾਲਸ਼ਿਪ ਦਿੰਦੇ ਹਾਂ। ਇਹ ਸਕਾਲਰਸ਼ਿਪ 16000/- ਰੁਪਏ ਤੋਂ 18000/- ਰੁਪਏ ਤੱਕ ਦਿੱਤਾ ਜਾ ਰਿਹਾ ਹੈ।

ਡਾ. ਐਸ.ਐਸ. ਜੌਹਲ:-

ਉਹਨਾਂ ਜਾਨਣਾ ਚਾਹਿਆ ਕਿ ਕੀ ਸਿੱਖ ਅਤੇ ਈਸਾਈ ਘੱਟ ਗਿਣਤੀ (minority) ਲਈ ਵੀ ਗ੍ਰਾਂਟ ਪ੍ਰਾਪਤ ਹੋ ਰਹੀ ਹੈ?

ਉਪ-ਕੁਲਪਤੀ ਸਾਹਿਬ:-

ਉਨ੍ਹਾਂ ਕਿਹਾ ਕਿ ਉਹ ਇਸ ਕਮੇਟੀ ਦੇ ਮੈਂਬਰ ਹਨ। ਮਿਨਾਰਟੀ ਕਮਿਊਨਟੀ ਉਮੀਦਵਾਰ 16000/- ਤੋਂ 17000/- ਰੁਪਏ ਸਕਾਲਰਸ਼ਿਪ ਵਜੋਂ ਪ੍ਰਾਪਤ ਕਰਦੇ ਹਨ। ਇਹ ਸਕਾਲਰਸ਼ਿਪ ਯੂਨੀਵਰਸਿਟੀ ਨੂੰ ਪ੍ਰਾਪਤ ਨਹੀਂ ਹੁੰਦੇ। 30 ਕਮਿਊਨਟੀ ਦੀ ਪਛਾਣ ਕੀਤੀ ਗਈ ਹੈ। ਅਸੀਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੂੰ ਸਕਾਲਰਸ਼ਿਪ ਲਈ ਅਪਲਾਈ ਕਰਦੇ ਹਾਂ।

ਡਾ. ਐਸ.ਐਸ. ਜੌਹਲ:-

ਉਹਨਾਂ ਨੇ ਕਿਹਾ ਕਿ ਹੈਲਥ ਸੈਂਟਰ ਲਈ ਬਜੱਟ ਵਿਚ ਵਿਵਸਥਾ ਕੀਤੀ ਗਈ ਹੈ। ਹੈਲਥ ਸੈਂਟਰ ਵਿਚ ਮੈਡੀਕਲ ਸਪੈਸ਼ਲਿਸਟ ਅਤੇ ਬੀਮਾਰੀਆਂ ਦੀ ਚੈਕ-ਅੱਪ ਵਾਸਤੇ ਚੰਗੇ ਯੰਤਰ (instruments) ਹੋਣੇ ਚਾਹੀਦੇ ਹਨ। ਜਿਨ੍ਹਾਂ ਚਿਰ ਉਚਕੋਟੀ ਦੇ ਡਾਕਟਰ ਨਾ ਹੋਣ, ਉਨਾਂ ਚਿਰ ਹੈਲਥ ਸੈਂਟਰ ਵਿਚ ਸੁਧਾਰ ਨਹੀਂ ਹੋ ਸਕਦਾ।

ਉਪ-ਕੁਲਪਤੀ ਸਾਹਿਬ:-

ਉਨ੍ਹਾਂ ਕਿਹਾ ਕਿ ਹੈਲਥ ਸੈਂਟਰ ਵਿਖੇ CMO ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਪਾਰਟ-ਟਾਈਮ ਡਾਕਟਰ ਭਰਤੀ ਕੀਤੇ ਜਾਣ। ਐਮ.ਆਰ.ਆਈ. ਦੀ ਮੰਗ ਆਈ ਹੋਈ ਹੈ। ਅਸੀਂ ਉਹ ਮਸ਼ੀਨ ਵੀ ਲੈ ਲੈਣੀ ਹੈ। ਅਸੀਂ ਅੰਦਾਜਾ ਲਗਾਇਆ ਹੈ ਕਿ ਇਸ ਤੇ ਇਕ ਕਰੋੜ ਰੁਪਏ ਦਾ ਖਰਚ ਆਵੇਗਾ।

ਡਾ. ਸ਼ਰਨਜੀਤ ਸਿੰਘ ਢਿੱਲੋਂ:-

ਉਨ੍ਹਾਂ ਦੱਸਿਆ ਕਿ ਬਜੱਟ ਵਿੱਚ ਐਮ.ਫਿਲ. ਅਤੇ ਪੀਐਚ.ਡੀ. ਵਿਦਿਆਰਥੀਆਂ ਲਈ 63 ਲੱਖ ਰੁਪਏ ਰੱਖੇ ਗਏ ਹਨ ਅਤੇ ਮਿਨਾਰਟੀ ਕਮਿਊਨਟੀ ਵਿਦਿਆਰਥੀਆਂ ਲਈ ਵੱਖਰੀ ਵਿਵਸਥਾ ਹੈ।

ਉਪ-ਕੁਲਪਤੀ ਸਾਹਿਬ:-

ਉਨ੍ਹਾਂ ਕਿਹਾ ਕਿ ਪੰਜਾਬੀ ਵਿਭਾਗ ਨੂੰ ਪੂਰੀ ਖੁੱਲ ਦਿੱਤੀ ਹੋਈ ਹੈ। ਇਸ ਵਿਭਾਗ ਵੱਲੋਂ ਜੋ ਵੀ ਸਿਫਾਰਸ਼ਾਂ ਸਾਡੇ ਕੋਲ ਆਉਣਗੀਆਂ, ਉਹ ਅਸੀਂ ਪ੍ਰਵਾਨ ਕਰਾਂਗੇ। ਪੰਜਾਬੀ ਸਿਲੇਬਸ ਵਿਚ ਸਮੈਸਟਰ ਸਿਸਟਮ ਲਿਆਂਦਾ ਜਾ ਰਿਹਾ ਹੈ ਅਤੇ ਕਮੇਟੀ ਵੀ ਬਣਾਈ ਹੈ। ਡਾ. ਜਸਪਾਲ ਸਿੰਘ ਰੰਧਾਵਾ ਕਮੇਟੀ ਦੇ ਮੈਂਬਰ ਸਨ ਅਤੇ ਅਖਬਾਰਾਂ ਵਿਚ ਇਸ਼ਤਿਹਾਰ ਵੀ ਦੇ ਚੁੱਕੇ ਹਾਂ। ਪੰਜਾਬੀ ਵਿਭਾਗ ਵੱਲੋਂ ਸੈਮੀਨਾਰ ਵੀ ਕਰਵਾਏ ਹਨ। ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਉਨ੍ਹਾਂ ਦੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਸੈਮੀਨਾਰ ਕਰਵਾਏ ਜਾਣ। ਯੂਨੀਵਰਸਿਟੀ ਵੱਲੋਂ ਉੱਘੇ ਸਾਹਿਤਕਾਰਾਂ ਸ੍ਰੀ ਸੁਰਜੀਤ ਪਾਤਰ, ਡਾ. ਦਲੀਪ ਕੌਰ ਟਿਵਾਣਾ ਨੂੰ ਡੀ.ਲਿਟ. ਦੀ ਸਨਮਾਨਾਰਥ

ਡਿਗਰੀ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ। ਪੰਜਾਬੀ ਭਾਸ਼ਾ ਅਤੇ ਗੁਰੂ ਨਾਨਕ ਸਟੱਡੀਜ਼ ਦਾ ਯੂਨੀਵਰਸਿਟੀ ਐਕਟ ਵਿਚ ਵਿਸ਼ੇਸ਼ ਜ਼ਿਕਰ ਹੈ। ਇਸ ਵਿਭਾਗ ਵੱਲ ਧਿਆਨ ਦੇਣਾ ਸਾਡਾ ਵਿਸ਼ੇਸ਼ ਕਰਤੱਵ ਹੈ। ਉਹ Central Advisory Board of Education ਦੀ ਸਰਵ ਉੱਚ ਕਮੇਟੀ ਦੇ ਮੈਂਬਰ ਹਨ।ਪੰਜਾਬੀ ਵਿਭਾਗ ਨੂੰ ਸਪੈਸ਼ਲ ਗ੍ਰਾਂਟ ਵੀ ਦਿੱਤੀ ਗਈ। 43 ਕਰੋੜ ਰੁਪਏ ਦੀ ਗ੍ਰਾਂਟ ਆਈ। ਸੈਂਟਰਲ ਐਡਮਿਨਸਟ੍ਰੇਸ਼ਨ ਬੋਰਡ ਦੇ ਵੀ ਉਹ ਮੈਂਬਰ ਹਨ। ਕੇਂਦਰੀ ਸਰਕਾਰ ਦੀ ਕੈਬਿਨੇਟ ਨੇ ਅਧਿਆਪਕਾਂ ਦੀ ਸੇਵਾ ਵਿਚ ਰਿਟਾਇਰਮੈਂਟ ਤੇ ਉਮਰ 65 ਸਾਲ ਕਰਨ ਦੀ ਪਰਵਾਨਗੀ ਦਿੱਤੀ ਹੈ। ਪਰ ਮੱਧ ਪ੍ਰਦੇਸ਼ ਤੋਂ ਸਿਵਾਏ ਕਿਸੇ ਵੀ ਰਾਜ ਸਰਕਾਰ ਨੇ ਇਸ ਨੂੰ ਨਹੀਂ ਮੰਨਿਆ। ਅਸੀਂ ਅਧਿਆਪਕਾਂ ਦੀ ਰਿਟਾਇਰਮੈਂਟ ਉਮਰ 65 ਸਾਲ ਕਰਨੀ ਚਾਹੁੰਦੇ ਹਾਂ। ਇਹ ਕਮੇਟੀ ਦੇ ਵਿਚਾਰ ਅਧੀਨ ਹੈ ਅਤੇ ਜੇ ਸੈਨੇਟ ਦੇ ਮੈਂਬਰ ਸਾਹਿਬਾਨ ਪੰਜਾਬ ਸਰਕਾਰ ਨੂੰ convince ਕਰਾਉਣ ਤਾਂ ਇਹ ਕਿਸੇ ਵੀ ਸਟੇਟ ਵਿਚ ਹੋ ਸਕਦਾ ਹੈ।

**ਡਾ. ਜਸਪਾਲ ਸਿੰਘ ਰੰਧਾਵਾ:-**

ਉਨ੍ਹਾਂ ਕਿਹਾ ਕਿ 2-3 ਸਾਲਾਂ ਤੋਂ ਪੰਜਾਬੀ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ, ਜਿਸ ਲਈ ਉਪ-ਕੁਲਪਤੀ ਸਾਹਿਬ ਵਧਾਈ ਦੇ ਪਾਤਰ ਹਨ। ਪੰਜਾਬੀ ਦੀ ਪ੍ਰਫੁੱਲਤਾ ਲਈ ਕੋਰਸਾਂ ਵਿਚ ਪੰਜਾਬੀ ਵਿਸ਼ਾ ਰੱਖਿਆ ਜਾਵੇ ਤਾਂ ਜੋ ਪੰਜਾਬੀ ਹਰਮਨਪਿਆਰੀ ਹੋ ਸਕੇ। ਇਸ ਬਾਰੇ ਵਿਭਾਗਾਂ ਨੂੰ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਦੇ ਕਾਲਜ ਵਿਚ 120 ਵਿਦਿਆਰਥੀ ਹੁੰਦੇ ਸਨ, ਪ੍ਰੰਤੂ ਹੁਣ ਕੇਵਲ 35 ਵਿਦਿਆਰਥੀ ਹਨ। ਇਸ ਕਰਕੇ ਸਾਨੂੰ ਪੰਜਾਬੀ ਦਾ ਜਿਆਦਾ ਵਿਕਾਸ ਕਰਨ ਦੀ ਜਰੂਰਤ ਹੈ। ਪੰਜਾਬ ਸਰਕਾਰ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਕਰਮਚਾਰੀਆਂ ਨੂੰ ਬਕਾਏ ਦੀ ਅਦਾਇਗੀ ਕਰਨ ਲਈ ਜਲਦ ਤੋਂ ਜਲਦ ਗ੍ਰਾਂਟ ਰੀਲੀਜ਼ ਕਰਵਾਈ ਜਾਵੇ। ਅਧਿਆਪਕਾਂ ਦੀ ਰੀਟਾਇਰਮੈਂਟ ਦੀ ਉਮਰ 65 ਸਾਲ ਕਰਵਾਈ ਜਾਵੇ।

**ਡਾ. ਸੁਖਦੇਵ ਸਿੰਘ ਖਹਿਰਾ:-**

ਉਹਨਾਂ ਵਧੀਆ ਬਜੱਟ ਪੇਸ਼ ਕਰਨ ਲਈ ਉਪ-ਕੁਲਪਤੀ ਸਾਹਿਬ ਦਾ ਧੰਨਵਾਦ ਕੀਤਾ। ਪੰਜਾਬੀ ਵਿਭਾਗ ਦੇ ਬਜੱਟ ਪ੍ਰਤੀ ਪ੍ਰਸਤਾਵ ਉਪ-ਕੁਲਪਤੀ ਜੀ ਨੇ ਮਨਜ਼ੂਰ ਕੀਤਾ ਹੈ। ਹੋਰ ਵੀ ਸਾਡੇ ਕਈ ਕੰਮ ਉਪ-ਕੁਲਪਤੀ ਸਾਹਿਬ ਵੱਲੋਂ ਮਨਜ਼ੂਰ ਕੀਤੇ ਗਏ। ਕੰਪਿਊਟਰ ਦੇ ਅਧਿਆਪਕ ਨਹੀਂ ਹਨ। ਬੀ.ਏ.(ਆਨਰਜ਼) ਅਤੇ ਐਮ.ਏ.(ਆਨਰਜ਼) ਵਿਚ ਕੰਪਿਊਟਰ ਲਾਜ਼ਮੀ ਕੀਤਾ ਹੋਇਆ ਹੈ। ਸਾਡੇ ਕੰਪਿਊਟਰ ਲੈਬ ਹੈ। ਪੰਜਾਬੀ ਵਿਭਾਗ ਵੱਲੋਂ ਇਸ ਸਾਲ ਦੋ ਵਿਜ਼ਟਿੰਗ ਪ੍ਰੋਫੈਸਰ ਬੁਲਾਏ ਗਏ ਸਨ। ਅੰਡਰ-ਗ੍ਰੈਜੂਏਟ ਕੋਰਸਾਂ ਲਈ ਸਮੈਸਟਰ ਸਿਸਟਮ ਸ਼ੁਰੂ ਕਰਨ ਲਈ ਸਲੇਬਸ ਮੀਟਿੰਗ ਬ੍ਰਾਂਚ ਨੂੰ 2012-13 ਤੋਂ ਲਾਗੂ ਕਰਨ ਲਈ ਭੇਜਿਆ ਗਿਆ ਹੈ।ਵਿਭਾਗ ਵਲੋਂ ਸਾਲ ਵਿਚ ਦੋ ਸੈਮੀਨਾਰ ਅਤੇ ਇਕ ਕਾਨਫਰੰਸ ਕਰਵਾਈ

ਜਾ ਰਹੀ ਹੈ। ਜਿੰਨ੍ਹੀ ਵੀ ਪੰਜਾਬੀ ਵਿਭਾਗ ਨੂੰ ਗ੍ਰਾਂਟ ਮਿਲਦੀ ਹੈ, ਉਹ ਖਰਚ ਕੀਤੀ ਜਾਂਦੀ ਹੈ।

**ਸ੍ਰੀ ਪ੍ਰੇਮ ਸਿੰਘ, ਐਡਵੋਕੇਟ:-**

ਉਹਨਾਂ ਕਿਹਾ ਕਿ ਸੈਨੇਟ ਦੀ ਛੇ ਮਹੀਨੇ ਬਾਅਦ ਇੱਕਤਰਤਾ ਹੋ ਰਹੀ ਹੈ। ਯੂਨੀਵਰਸਿਟੀ ਸੈਨੇਟ ਦੀਆਂ ਇੱਕਤਰਤਾਵਾਂ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ।

**ਉਪ-ਕੁਲਪਤੀ ਸਾਹਿਬ:-**

ਉਨ੍ਹਾਂ ਦਸਿਆ ਕਿ ਸਾਲ ਵਿਚ ਸੈਨੇਟ ਦੀਆਂ ਤਿੰਨ ਮੀਟਿੰਗਾਂ ਹੋਈਆਂ ਹਨ।

**ਸ੍ਰੀ ਪ੍ਰੇਮ ਸਿੰਘ, ਐਡਵੋਕੇਟ:-**

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਕਿਹਾ ਕਿ ਉਹ ਜਦੋਂ ਜਲੰਧਰ ਆਉਣ ਤਾਂ ਸੈਨੇਟ ਦੇ ਮੈਂਬਰਾਂ ਨੂੰ ਪਹਿਲਾਂ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਉਨ੍ਹਾਂ ਨੂੰ ਮਿਲ ਸਕਣ। ਉਨ੍ਹਾਂ ਨੂੰ ਇਹ ਜਾਣਕਾਰੀ ਅਖਬਾਰਾਂ ਵਿਚ ਪੜ੍ਹ ਕੇ ਪ੍ਰਾਪਤ ਹੁੰਦੀ ਹੈ, ਪ੍ਰੰਤੂ ਜਦੋਂ ਤੱਕ ਅਖਬਾਰ ਤੋਂ ਪਤਾ ਲਗਦਾ ਹੈ ਉਦੋਂ ਤੱਕ ਉਹ ਵਾਪਸ ਜਾ ਚੁੱਕੇ ਹੁੰਦੇ ਹਨ। ਅੱਜ ਪ੍ਰਚਾਰ ਦਾ ਯੁੱਗ ਹੈ। ਸਾਡੀ ਯੂਨੀਵਰਸਿਟੀ ਨੂੰ ਆਪਣੀਆਂ ਗਤੀਵਿਧੀਆਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਆਮ ਜਨਤਾ ਨੂੰ ਹਰ ਗੱਲ ਦਾ ਪਤਾ ਲੱਗ ਸਕੇ।

**ਪ੍ਰੋਫੈਸਰ ਜਗਦੀਸ਼ ਸਿੰਘ:-**

ਉਨ੍ਹਾਂ ਕਿਹਾ ਕਿ ਡਾ. ਖਹਿਰਾ ਸਾਹਿਬ ਨੇ ਪੰਜਾਬੀ ਦੀ ਗੱਲ ਕੀਤੀ ਹੈ। ਪੰਜਾਬੀ ਭਾਸ਼ਾ ਨੂੰ ਇਨ੍ਹਾਂ ਔਖੀ ਨਾ ਕਰ ਦਿੱਤਾ ਜਾਵੇ ਕਿ ਲੋਕ ਇਸ ਤੋਂ ਨਫਰਤ ਕਰਨ ਲੱਗ ਪੈਣ। ਬੱਚੇ ਵੀ ਇਸ ਨੂੰ ਪੜਨ ਤੋਂ ਕਤਰਾਉਂਦੇ ਹਨ। ਪੰਜਾਬੀ ਭਾਸ਼ਾ ਨੂੰ ਇਸ ਤਰ੍ਹਾਂ ਸੌਖਾ ਬਣਾਇਆ ਜਾਣਾ ਚਾਹੀਦਾ ਹੈ ਕਿ ਉਹ ਸਾਰਿਆਂ ਨੂੰ ਸਮਝ ਆ ਜਾਵੇ। ਪੰਜਾਬੀ ਭਾਸ਼ਾ ਨੂੰ ਲਾਜ਼ਮੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਬਜੱਟ ਬੈਲੈਂਸ ਬਜੱਟ ਹੈ। ਇਕਨਾਮਿਕਸ ਦੇ ਪ੍ਰੋਫੈਸਰ ਲਗਾ ਕੇ ਵਧੀਆ ਬਜੱਟ ਬਣਾਉਣ ਲਈ ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ। ਬਜੱਟ 263 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਸ ਸਾਲ ਫੀਸਾਂ ਵਿਚ ਵਾਧਾ ਨਹੀਂ ਕੀਤਾ ਗਿਆ। ਵਿਦਿਆਰਥੀਆਂ ਦੀ ਗਿਣਤੀ ਵਧਾਈ ਹੈ, ਜਿਸ ਕਰਕੇ ਸਾਰਾ ਖਰਚਾ ਪੂਰਾ ਵੀ ਹੋ ਗਿਆ ਹੈ। ਜਿਹੜੇ ਨਵੇਂ ਕਾਲਜ ਖੋਲ੍ਹੇ ਹਨ, ਉਹ ਕਾਲਜ ਵੀ ਲਾਭ ਦੇ ਰਹੇ ਹਨ। ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ। ਪਹਿਲਾਂ 2-4 ਹਜ਼ਾਰ ਹੀ ਵਿਦਿਆਰਥੀ ਹੁੰਦੇ ਸਨ, ਹੁਣ ਵੱਧ ਕੇ 13 ਹਜਾਰ ਦੇ ਕਰੀਬ ਵਿਦਿਆਰਥੀ ਯੂਨੀਵਰਸਿਟੀ ਵਿਚ ਪੜ੍ਹਾਈ ਕਰ ਰਹੇ ਹਨ। ਕਾਲਜਾਂ ਦੇ ਵਿਦਿਆਰਥੀਆਂ ਦੀ ਗਿਣਤੀ ਵੱਖਰੀ ਹੈ। ਆਈ.ਟੀ. ਅਤੇ ਬੀ.ਟੈਕ. ਦੀਆਂ ਸੀਟਾਂ ਵਿਚ ਵਾਧਾ ਕਰਕੇ ਬੜਾ ਚੰਗਾ ਕੰਮ ਕੀਤਾ ਹੈ। ਨਵੇਂ-ਨਵੇਂ ਕਾਲਜ ਖੋਲ੍ਹੇ ਹਨ। ਇਸ ਯੂਨੀਵਰਸਿਟੀ ਨੂੰ Potential for Excellence ਦਾ ਸਨਮਾਨ

ਮਿਲਿਆ ਹੈ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਸਾਡੀ ਯੂਨੀਵਰਸਿਟੀ ਹਿੰਦੁਸਤਾਨ ਦੀਆਂ ਛੇ ਯੂਨੀਵਰਸਿਟੀਆਂ ਵਿਚੋਂ ਤੀਜੇ ਨੰਬਰ ਤੇ ਆਈ ਹੈ। ਨੰਬਰ ਇਕ ਤੇ ਬਨਾਰਸ ਯੂਨੀਵਰਸਿਟੀ, ਦੂਜੇ ਨੰਬਰ ਤੇ ਓਸਮਾਨੀਆ ਯੂਨੀਵਰਸਿਟੀ ਅਤੇ ਤੀਜੇ ਨੰਬਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੈ। ਯੂ.ਜੀ.ਸੀ. ਸਕਾਲਰਾਂ ਨੇ ਜੋ ਖੋਜ ਕੀਤੀ ਹੈ ਉਸ ਨਾਲ ਯੂਨੀਵਰਸਿਟੀ ਦੀ ਸ਼ਾਨ ਵਧੀ ਹੈ। ਬਜੱਟ ਬਹੁਤ ਵਧੀਆ ਹੈ ਅਤੇ ਇਹ ਪਾਸ ਕੀਤਾ ਜਾਣਾ ਚਾਹੀਦਾ ਹੈ।

**ਡਾ. ਐਸ.ਐਸ. ਖਾਹਰਾ:-**

ਉਨ੍ਹਾਂ ਕਿਹਾ ਕਿ ਪ੍ਰਿੰਸੀਪਲ ਜਗਦੀਸ਼ ਸਿੰਘ ਨੇ ambigous ਪੰਜਾਬੀ ਭਾਸ਼ਾ ਦੀ ਗੱਲ ਕੀਤੀ ਹੈ। 30-35 ਸਾਲ ਪਹਿਲਾਂ ਸੰਸਕ੍ਰਿਤ ਅਤੇ ਹਿੰਦੀ ਭਾਸ਼ਾ ਦੇ ਸ਼ਬਦ ਪੰਜਾਬੀ ਭਾਸ਼ਾ ਵਿਚ ਸ਼ਾਮਲ ਕਰ ਦਿੱਤੇ ਗਏ ਸਨ। ਭਾਸ਼ਾ ਵਿਚ ਕੁਝ ਔਖੇ ਸ਼ਬਦ ਆਉਂਦੇ ਹਨ। ਇਸ ਬਾਰੇ ਉਹ ਸੁਚੇਤ ਹਨ।

**ਉਪ-ਕੁਲਪਤੀ ਸਾਹਿਬ:-**

ਉਹਨਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਆਸਾਨ ਬਣਾਇਆ ਜਾਣਾ ਚਾਹੀਦਾ ਹੈ। ਇਸ ਵੇਲੇ ਸਾਡੀ ਯੂਨੀਵਰਸਿਟੀ ਵਿਚ ਬੀ.ਟੈਕ. ਦੇ 1600 ਵਿਦਿਆਰਥੀ ਹਨ, ਜਦੋਂ ਕਿ ਪਿਛਲੇ ਸਾਲ 1200 ਸਨ। ਅਸੀਂ ਇਸ ਸਾਲ 7 ਕਰੋੜ ਰੁਪਇਆ ਯੂਨੀਵਰਸਿਟੀ ਦੇ ਫੰਡ ਵਿਚੋਂ Sophisticated Instruments ਵਿਚ ਲਾਇਆ ਸੀ। ਬਜੱਟ ਦਾ ਘਾਟਾ ਯੂਨੀਵਰਸਿਟੀ ਦੀ ਆਮਦਨ ਵਿਚੋਂ ਹੀ ਪੂਰਾ ਕਰਨਾ ਹੈ।

**ਡਾ. ਵਿਕਰਮ ਚੱਢਾ:-**

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀ ਆਮਦਨ ਦੇ ਸਾਧਨਾਂ ਵਿਚ ਵਾਧਾ ਕਰਨ ਦੀ ਲੋੜ੍ਹ ਹੈ। ਅਸੀਂ ਫੀਸਾਂ ਵਿਚ ਵਾਧਾ ਨਹੀਂ ਕਰ ਰਹੇ। ਇਸ ਲਈ ਕੇਂਦਰ ਅਤੇ ਰਾਜ ਸਰਕਾਰ ਤੋਂ ਗ੍ਰਾਂਟ ਮਿਲਣੀ ਚਾਹੀਦੀ ਹੈ। ਕੁਝ ਸਾਧਨ ਸਾਨੂੰ ਕੰਪਿਊਟਰ ਸ਼ੁਰੂ ਕਰਨ ਨਾਲ ਮਿਲੇ ਹਨ। ਇੰਸਟਰੂਮੈਂਟਸ ਦੀ ਖ੍ਰੀਦ 'ਤੇ 40 ਕਰੋੜ ਰੁਪਏ ਦਾ ਖਰਚਾ ਆਇਆ ਹੈ। ਇਸ ਦੀ ਸਾਂਭ-ਸੰਭਾਲ ਕਰਨ ਤੇ ਵੀ ਖਰਚਾ ਆਵੇਗਾ।

**ਉਪ-ਕੁਲਪਤੀ ਸਾਹਿਬ:-**

ਉਨ੍ਹਾਂ ਕਿਹਾ ਕਿ ਆਈ.ਆਈ.ਟੀ. ਅਤੇ ਰਾਜ ਸਰਕਾਰ ਦੇ ਵਿਭਾਗਾਂ ਵਿਚ ਬੜਾ ਅੰਤਰ ਹੈ। ਆਈ.ਆਈ.ਟੀ. ਦਿੱਲੀ ਵਾਸਤੇ USA ਦੇ ਪ੍ਰਵਾਸੀ ਭਾਰਤੀਆਂ ਨੇ 25-25 ਕਰੋੜ ਰੁਪਏ ਦਾਨ ਵਜੋਂ ਦਿੱਤਾ ਹੈ, ਪ੍ਰੰਤੂ ਯੂਨੀਵਰਸਿਟੀ ਨੂੰ ਦਾਨ ਵਜੋਂ ਅਜਿਹੀ ਰਾਸ਼ੀ ਪ੍ਰਾਪਤ ਨਹੀਂ ਹੁੰਦੀ

**ਡਾ. ਪਰਮਜੀਤ ਸਿੰਘ ਮਹੂਰਾ:-**

ਉਹਨਾਂ ਕਿਹਾ ਕਿ ਇੰਡਸਟਰੀਅਲ ਰਿਸਰਚ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

**ਡਾ. ਰਾਕੇਸ਼ ਮਹਾਜਨ:-**

ਉਹਨਾਂ ਕਿਹਾ ਕਿ ਉੱਚ-ਪੱਧਰੀ ਖੋਜ ਲਈ ਵਧੀਆ ਇੰਸਟੀਚਿਊਟ, ਚੰਗੇ ਵਿਦਿਆਰਥੀ ਅਤੇ ਉੱਚ ਕੁਆਲਿਟੀ ਅਧਿਆਪਕ ਹੋਣੇ ਚਾਹੀਦੇ ਹਨ। ਉੱਚ ਕੋਟੀ ਦਾ ਸਾਜੋ-ਸਾਮਾਨ ਵੀ ਹੋਣਾ ਚਾਹੀਦਾ ਹੈ।

**ਉਪ-ਕੁਲਪਤੀ ਸਾਹਿਬ:-**

ਉਨ੍ਹਾਂ ਕਿਹਾ ਕਿ ਅਸੀਂ ਚੰਗੇ ਅਧਿਆਪਕ ਇਨਵਾਈਟ ਕਰ ਸਕਦੇ ਹਾਂ, ਜਿੰਨਾਂ ਕੋਲ ਚੰਗੀ ਜਾਣਕਾਰੀ ਹੋਵੇ। ਸਾਡੇ ਕੋਲ ਕੁਝ ਫੈਸਿਲਟੀਜ਼ ਨਹੀਂ ਹਨ, ਜਿਹੜੀਆਂ ਕਿ ਬਾਕੀ ਸੰਸਥਾਵਾਂ ਕੋਲ ਹਨ। ਅਸੀਂ ਸਾਰੀਆਂ ਮੁਸ਼ਕਿਲਾਂ ਦੂਰ ਕਰਨਾ ਚਾਹੁੰਦੇ ਹਾਂ।

**ਡਾ. ਐਸ.ਐਸ. ਜੌਹਲ:-**

ਉਨ੍ਹਾਂ ਕਿਹਾ ਕਿ ਸਾਡੇ ਕੋਲ ਜ਼ਿਆਦਾ ਲਿਟਰੇਚਰ ਵਾਸਤੇ dedicated ਅਧਿਆਪਕ ਹੋਣੇ ਚਾਹੀਦੇ ਹਨ ਤਾਂ ਕਿ ਜਿਆਦਾ ਲਿਟਰੇਚਰ ਲਿਖਿਆ ਜਾਵੇ। ਕਲਾਸਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ। ਉਨ੍ਹਾਂ ਜਾਨਣਾ ਚਾਹਿਆ ਕਿ ਕੀ ਇਸ ਵਾਸਤੇ ਅਧਿਆਪਕਾਂ ਦੀ ਭਰਤੀ ਵਿਚ ਵੀ ਵਾਧਾ ਕੀਤਾ ਜਾ ਰਿਹਾ ਹੈ ਅਤੇ ਰਿਜਨਲ ਕੈਂਪਸ ਜਲੰਧਰ, ਗੁਰਦਾਸਪੁਰ ਵਿਖੇ ਪੱਕੇ ਅਧਿਆਪਕ ਲਗਾਏ ਜਾ ਰਹੇ ਹਨ।

**ਉਪ-ਕੁਲਪਤੀ ਸਾਹਿਬ:-**

ਉਹਨਾਂ ਕਿਹਾ ਕਿ ਉਨ੍ਹਾਂ ਦੀ ਵਾਈਸ-ਚਾਂਸਲਰ ਵਜੋਂ ਮਿਆਦ ਦੌਰਾਨ ਕਿਸੇ ਵੀ ਅਧਿਆਪਕ ਨੂੰ ਤਬਦੀਲ ਨਹੀਂ ਕੀਤਾ ਗਿਆ। ਦੋ ਜਾਂ ਤਿੰਨ ਅਧਿਆਪਕ ਰਿਜ਼ਨਲ ਕੈਂਪਸਾਂ ਤੋਂ ਯੂਨੀਵਰਸਿਟੀ ਕੈਂਪਸ ਵਿਚ ਤਬਦੀਲ ਹੋਏ ਹਨ ਅਤੇ ਉਹ ਇੰਟਰਵਿਊ ਰਾਹੀਂ ਆਏ ਹਨ। ਇੰਜੀਨੀਅਰਿੰਗ ਵਿਭਾਗਾਂ ਵਿਚ ਅਧਿਆਪਕ ਭਰਤੀ ਕੀਤੇ ਜਾਣੇ ਹਨ ਅਤੇ ਨਵੇਂ ਲੈਬ ਬਨਾਉਣੇ ਹਨ। ਲੈਬ ਨੂੰ create ਕਰਨ ਦਾ ਫਾਇਦਾ ਤਾਂ ਹੀ ਹੋਵੇਗਾ ਜੇ ਉੱਥੇ ਪ੍ਰੈਕਟਿਸ ਕੀਤੀ ਜਾਵੇ। ਇੰਨਸਟਰੂਮੈਂਟ ਤੇ ਦੋ ਕਰੋੜ ਰੁਪਇਆ ਲਗਾਇਆ ਗਿਆ ਹੈ। ਸਾਰੇ ਸਿਲੇਬਸ ਰੀਵਾਈਜ਼ ਕੀਤੇ ਹਨ।

**ਪਾਸ ਹੋਇਆ** ਕਿ ਮਾਲੀ ਸਾਲ 2012-13 ਲਈ ਯੂਨੀਵਰਸਿਟੀ ਦੇ ਬੱਜਟ ਅਨੁਮਾਨ ਆਦਿ (**ਅੰਤਿਕਾ** ਅਨੁਸਾਰ) ਪਰਵਾਨ ਕੀਤੇ ਜਾਂਦੇ ਹਨ।

ਸਬੰਧਤ ਕਾਲਜਾਂ/ਕੈਂਪਸਾਂ ਵਿਖੇ ਨਵੀਆਂ ਕਲਾਸਾਂ/ ਕੋਰਸ ਸ਼ੁਰੂ ਕਰਨ, ਕਾਲਜ ਦੇ ਨਾਮ ਦੀ ਆਰਜੀ ਤੌਰ ਤੇ ਤਬਦੀਲੀ, ਪੇਪਰ/ ਕੋਰਸ ਦੇ ਨਾਮ ਦੀ ਤਬਦੀਲੀ, ਕਾਲਜਾਂ ਨੂੰ ਪੱਕੀ ਸਬੰਧਤਾ, ਕੋਰਸ ਬੰਦ ਕਰਨ ਦੀ ਪਰਵਾਨਗੀ।

4. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਹੋਈ:-

(ੳ) ਕਿ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਸਥਾਪਤ ਚਾਰ ਕਾਂਸਟੀਚੂਐਂਟ ਕਾਲਜਾਂ- ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਮਿਠੱੜਾ, ਕਪੂਰਥਲਾ ਨੂੰ ਸੈਸ਼ਨ 2010-11 ਤੋਂ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਚੁੰਘ, ਤਰਨ-ਤਾਰਨ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਨਰੋਟ ਜੈਮਲ ਸਿੰਘ, ਗੁਰਦਾਸਪੁਰ; ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਵੇਰਕਾ, ਅੰਮ੍ਰਿਤਸਰ ਨੂੰ ਸੈਸ਼ਨ 2011-12 ਤੋਂ B.A., BCA, BBA, B.Com.(Prof.), B.Com., B.Sc.(Comp.Sc.), B.Sc.(Non-Med.), B.Sc.(Eco.), B.Sc.(IT) ਅਤੇ PGDCA ਕੋਰਸ/ਕਲਾਸਾਂ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 38,

ਮਿਤੀ 27.9.2011 )

(ਅ) ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਚੱਲ ਰਹੇ 'ਸ੍ਰੀ ਗੁਰੂ ਤੇਗ ਬਹਾਦਰ ਸਰਕਾਰੀ ਕਾਲਜ, ਸਠਿਆਲਾ' ਦਾ ਨਾਮ ਆਰਜੀ ਤੌਰ ਤੇ 'ਸ੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ' ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਵੇ ਕਿਉਂਜੋ ਇਸ ਕਾਲਜ ਨੂੰ ਯੂ.ਜੀ.ਸੀ. ਦੇ ਰਿਕਾਰਡ ਵਿਚੋਂ ਪੰਜਾਬ ਸਰਕਾਰ ਦੇ ਰਿਕਾਰਡ ਵਿਚ ਇਸੇ ਨਾਮ ਉੱਤੇ ਚਲਾਉਣ ਦੀ ਤਜ਼ਵੀਜ਼ ਕੀਤੀ ਗਈ ਹੈ ਅਤੇ ਅਜਿਹਾ ਕਰਨਾ ਰਿਟਰਨਾਂ ਭਰਨ ਦੇ ਸਬੰਧ ਵਿਚ ਜਰੂਰੀ ਹੈ।

(ਸਿੰਡੀਕੇਟ ਪੈਰਾ 40 ਮਿਤੀ 27.9.2011)

(ੲ) ਸੈਸ਼ਨ 2011-12 ਤੋਂ 'ਪੰਜਾਬ ਹਿਸਟਰੀ ਐਂਡ ਕਲਚਰ' (ਕ੍ਰੈਡਿਟ ਬੇਸਡ) ਪੇਪਰ ਦਾ ਨਾਮ ਬਦਲ ਕੇ 'ਹਿਸਟਰੀ ਐਂਡ ਕਲਚਰ ਆਫ ਪੰਜਾਬ' (ਕ੍ਰੈਡਿਟ ਬੇਸਡ) ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 55 ਮਿਤੀ 27.9.2011)

(ਸ) ਸੈਸ਼ਨ 2011-12 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਹੇਠ ਲਿਖੇ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

(i) ਬੀ.ਟੈਕ. ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ
(ii) ਬੀ.ਟੈਕ. ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ
(iii) ਐਮ.ਬੀ.ਏ. (ਦੋ ਸਾਲਾ)
(iv) ਬੀ.ਐਸ.ਸੀ. (ਕੰਪਿਊਟਰ ਸਾਇੰਸ)

(ਸਿੰਡੀਕੇਟ ਪੈਰਾ 56 ਮਿਤੀ 27.9.2011)

(ਹ) ਸੈਸ਼ਨ 2011-12 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ ਵਿਖੇ ਹੇਠ ਲਿਖੇ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

(i) ਬੀ.ਟੈਕ. ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ
(ii) ਬੀ.ਟੈਕ. ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ
(iii) ਐਮ.ਬੀ.ਏ. (ਦੋ ਸਾਲਾ)

(ਸਿੰਡੀਕੇਟ ਪੈਰਾ 57 ਮਿਤੀ 27.9.2011)

(ਕ) ਸੈਸ਼ਨ 2011-12 ਤੋਂ ਬੀ.ਐਸ.ਸੀ. (ਕੰਪਿਊਟਰ ਸਾਇੰਸ) ਕਲਾਸ ਦਾ ਯੂਨਿਟ 50 ਵਿਦਿਆਰਥੀਆਂ ਦਾ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 81 ਮਿਤੀ 27.9.2011)

(ਖ) ਨਿਰੀਖਣ ਕਮੇਟੀ ਦੀ ਰਿਪੋਰਟ ਮਿਤੀ 12.9.2011 (**ਅੰਤਿਕਾ ਅਨੁਸਾਰ**) ਨੂੰ ਮੁੱਖ ਰੱਖਦਿਆਂ ਪੰਡਤ ਮੋਹਨ ਲਾਲ ਐਸ.ਡੀ. ਕਾਲਜ ਫਾਰ ਗਰਲਜ਼, ਫਤਿਹਗੜ੍ਹ ਚੂੜੀਆਂ

(ਗੁਰਦਾਸਪੁਰ) ਨੂੰ ਪੱਕੀ ਸਬੰਧਤਾ ਪਰਦਾਨ ਕੀਤੀ ਜਾਵੇ।

(ਸਿੰਡੀਕੇਟ ਪੈਰਾ 18 ਮਿਤੀ 22.12.2011)

(ਗ) (i) ਕਿ ਬੀ.ਏ.ਐਲ.ਐਲ.ਬੀ. (ਆਨਰਜ਼ ਸਕੂਲ) FYIC ਕੋਰਸ ਦਾ nomenclature ਬੀ.ਏ.ਐਲ.ਐਲ.ਬੀ. (ਆਨਰਜ਼) FYIC ਤਬਦੀਲ ਕੀਤਾ ਜਾਵੇ।

(ii) ਕਿ Bachelor of Physical Education (BPE) ਤਿੰਨ ਸਾਲਾ ਕੋਰਸ ਨੂੰ ਸੈਸ਼ਨ 2012-13 ਤੋਂ ਬੰਦ (discontinue) ਕਰਨਾ ਪਰਵਾਨ ਕੀਤਾ ਜਾਵੇ।

**ਨੋਟ:-** ਉਕਤ ਕੋਰਸ ਦੀ ਥਾਂ NCTE ਦੀਆਂ ਹਿਦਾਇਤਾਂ ਅਨੁਸਾਰ B.P.Ed. ਚਾਰ ਸਾਲਾ (Four Year Integrated Course) ( Non-Credit Based) ਸ਼ੁਰੂ ਕੀਤਾ ਜਾ ਰਿਹਾ ਹੈ।

(ਸਿੰਡੀਕੇਟ ਪੈਰਾ 24(IV,VIII) ਮਿਤੀ 22.12.2011)

(ਘ) ਨਿਰੀਖਣ ਕਮੇਟੀ ਦੀ ਰਿਪੋਰਟ ਮਿਤੀ 7.10.2011 (**ਅੰਤਿਕਾ ਅਨੁਸਾਰ**) ਨੂੰ ਮੁੱਖ ਰੱਖਦਿਆਂ ਖਾਲਸਾ ਕਾਲਜ ਆਫ ਐਜੂਕੇਸ਼ਨ, ਰਣਜੀਤ ਐਵੀਨਿਊ, ਅੰਮ੍ਰਿਤਸਰ ਨੂੰ ਪੱਕੀ ਸਬੰਧਤਾ ਪਰਦਾਨ ਕੀਤੀ ਜਾਵੇ।

(ਸਿੰਡੀਕੇਟ ਪੈਰਾ 25 ਮਿਤੀ 22.12.2011)

(ਙ) ਸੈਸ਼ਨ 2012-13 ਤੋਂ **ਅੰਤਿਕਾ** ਵਿਚ ਦਰਸਾਏ ਕੋਰਸ ਬੰਦ ਕਰਨ ਦੀ ਪਰਵਾਨਗੀ ਦਿੱਤੀ ਜਾਵੇ ਕਿਉਂਜੋ ਇਨ੍ਹਾਂ ਕੁੱਝ ਕੋਰਸਾਂ ਵਿਚ ਕਿਸੇ ਵੀ ਵਿਦਿਆਰਥੀ ਨੇ ਦਾਖਲਾ ਨਹੀਂ ਲਿਆ ਅਤੇ ਕੁਝ ਕੋਰਸਾਂ ਵਿਚ ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ 25 ਤੋਂ ਘੱਟ ਹੈ।

(ਸਿੰਡੀਕੇਟ ਪੈਰਾ 57 ਮਿਤੀ 22.12.2011)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

ਉਪ-ਕੁਲਪਤੀ ਸਾਹਿਬ ਦਾ ਬਿਆਨ।

5. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ :-

1. ਯੂ.ਜੀ.ਸੀ. ਵੱਲੋਂ ਇਸ ਯੂਨੀਵਰਸਿਟੀ ਨੂੰ University with Potential for Excellence ਦਾ ਦਰਜਾ ਪ੍ਰਾਪਤ ਹੋਇਆ ਹੈ। ਇਹ ਦਰਜਾ ਪ੍ਰਾਪਤ ਦੇਸ਼ ਦੀਆਂ ਕੁੱਲ 6 ਯੂਨੀਵਰਸਿਟੀਆਂ ਵਿਚੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੀਜੇ ਸਥਾਨ 'ਤੇ ਹੈ ਅਤੇ ਇਹ ਯੂਨੀਵਰਸਿਟੀ ਪੰਜਾਬ ਵਿਚ ਇਕੋ ਇਕ ਯੂਨੀਵਰਸਿਟੀ ਹੈ, ਜਿਸ ਨੂੰ ਇਹ ਦਰਜਾ ਮਿਲਣ ਦਾ ਮਾਣ ਪ੍ਰਾਪਤ ਹੋਇਆ ਹੈ।

2. ਪੰਜਾਬ ਅਕੈਡਮੀ ਆਫ ਸਾਇੰਸਜ਼, ਪਟਿਆਲਾ ਵੱਲੋਂ ਯੂਨੀਵਰਸਿਟੀ ਵਿਖੇ 7-9 ਫਰਵਰੀ, 2012 ਨੂੰ ਤਿੰਨ-ਦਿਨਾ 15ਵੀਂ ਪੰਜਾਬ ਸਾਇੰਸ ਕਾਂਗਰਸ ਆਯੋਜਿਤ ਕੀਤੀ ਗਈ, ਜਿਸ ਦਾ ਉਦਘਾਟਨ ਯੂ.ਜੀ.ਸੀ. ਦੇ ਸਾਬਕਾ ਚੇਅਰਮੈਨ, ਪ੍ਰੋਫੈਸਰ ਯਸ਼ਪਾਲ ਨੇ ਕੀਤਾ। ਇਸ ਮੌਕੇ ਪ੍ਰੋਫੈਸਰ ਯਸ਼ਪਾਲ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਕਾਂਗਰਸ ਦੌਰਾਨ ਪ੍ਰੋਫੈਸਰ ਯਸ਼ਪਾਲ ਵੱਲੋਂ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਦੇ 65ਵੇਂ ਜਨਮ ਦਿਨ 'ਤੇ ਉਨ੍ਹਾਂ ਦੇ ਜੀਵਨ 'ਤੇ ਅਧਾਰਿਤ ਪੁਸਤਕ ਜੀਵਨ ਪਰਵਾਜ਼ (Profound Pursuits) ਦਾ ਵਿਮੋਚਨ ਕੀਤਾ ਗਿਆ। ਕਾਂਗਰਸ ਦੌਰਾਨ ਇਕ ਸੈਸ਼ਨ ਪ੍ਰੋਫੈਸਰ ਬਰਾੜ ਜੀ ਨੂੰ ਸਮਰਪਿਤ ਸੀ, ਜਿਸ ਵਿਚ ਉਨ੍ਹਾਂ ਦੇ ਦੋਸਤਾਂ, ਅਧਿਆਪਕਾਂ ਅਤੇ ਹੋਰ ਸੰਬੰਧੀਆਂ ਨੇ ਉਨ੍ਹਾਂ ਦੇ ਜੀਵਨ 'ਤੇ ਚਾਨਣਾ ਪਾਇਆ।

3. ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ Centre with Potential for Excellence in Particular Area ਸਕੀਮ ਅਧੀਨ ਇਸ ਯੂਨੀਵਰਸਿਟੀ ਵਿਖੇ Centre on Genetic Basis of Cancer and Type 2 Diabetes Mellitus in Punjab ਸਥਾਪਿਤ ਕੀਤਾ ਗਿਆ ਹੈ, ਜਿਸ ਲਈ 6.15 ਕਰੋੜ ਰੁਪਏ ਪ੍ਰਵਾਨ ਹੋਏ ਹਨ।

4. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਹੁਣ ਤੱਕ ਬੈਚ-2012 ਦੇ 540 ਵਿਦਿਆਰਥੀਆਂ ਦੀ ਦੇਸ਼ ਦੀਆਂ ਨੈਸ਼ਨਲ ਅਤੇ ਮਲਟੀਨੈਸ਼ਨਲ ਕੰਪਨੀਆਂ ਵਿਚ ਪਲੇਸਮੈਂਟ ਹੋ ਚੁੱਕੀ ਹੈ।

5. ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਦੇ 8 ਵਿਦਿਆਰਥੀਆਂ ਨੇ ਜੂਨ 2011 ਵਿਚ ਹੋਈ ਯੂ.ਜੀ.ਸੀ. (ਨੈੱਟ) ਦੀ ਪ੍ਰੀਖਿਆ ਪਾਸ ਕੀਤੀ ਹੈ।

6. ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਦੁਆਰਾ 22-26 ਜਨਵਰੀ, 2012 ਨੂੰ ਨਾਗਪੁਰ ਵਿਖੇ ਆਯੋਜਿਤ ਕੀਤੇ ਗਏ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਦੌਰਾਨ ਇਸ ਯੂਨੀਵਰਸਿਟੀ ਨੇ ਓਵਰਆਲ ਨੈਸ਼ਨਲ ਚੈਂਪੀਅਨਸ਼ਿਪ ਅਤੇ ਥੀਏਟਰ ਟਰਾਫੀ ਜਿੱਤੀ। ਇਸ ਤੋਂ ਇਲਾਵਾ 6-8 ਫਰਵਰੀ, 2012 ਨੂੰ ਯੂਨੀਵਰਸਿਟੀ ਆਫ ਰਾਜਸਥਾਨ, ਜੈਪੁਰ ਵਿਖੇ ਇੰਟਰਨੈਸ਼ਨਲ ਝੂਮਰ ਫੈਸਟੀਵਲ ਕਰਵਾਇਆ ਗਿਆ, ਜਿਸ ਵਿਚ ਯੂਨੀਵਰਸਿਟੀ ਨੇ ਓਵਰਆਲ ਚੈਂਪੀਅਨਸ਼ਿਪ ਜਿੱਤੀ।

7. ਪੰਜਾਬੀ ਅਕਾਦਮੀ, ਦਿੱਲੀ ਵੱਲੋਂ 11 ਫਰਵਰੀ, 2012 ਨੂੰ ਤਾਲਕਟੋਰਾ ਇਨਡੋਰ ਸਟੇਡੀਅਮ ਵਿਖੇ ਅੰਤਰ-ਯੂਨੀਵਰਸਿਟੀ ਸਭਿਆਚਾਰਕ ਸਮਾਰੋਹ ਕਰਵਾਇਆ ਗਿਆ, ਜਿਸ ਵਿਚ ਉੱਤਰ ਭਾਰਤ ਦੀਆਂ 7 ਯੂਨੀਵਰਸਿਟੀਆਂ ਨੇ ਭਾਗ ਲਿਆ। ਇਸ ਸਮਾਰੋਹ ਵਿਚ ਸਾਡੇ ਵਿਦਿਆਰਥੀ ਕਲਾਕਾਰਾਂ ਨੇ ਲੋਕ ਸਾਜ਼, ਲੋਕ ਗੀਤ ਆਈਟਮ ਵਿਚ ਪਹਿਲਾ, ਅਤੇ ਗਿੱਧੇ ਵਿਚ ਦੂਜਾ ਸਥਾਨ ਹਾਸਲ ਕੀਤਾ।

8. (ੳ) Amity University, Noida ਵਿਖੇ ਹੋਈ 14th International

Conference- INBUSH (International Business Horizon) ਦੌਰਾਨ ਇਸ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਨੂੰ ਉਨ੍ਹਾਂ ਵੱਲੋਂ ਵਿਦਿਆ ਦੇ ਖੇਤਰ ਵਿਚ ਪਾਏ ਅਹਿਮ ਯੋਗਦਾਨ ਸਦਕਾ Amity Academic Excellence Award ਪ੍ਰਦਾਨ ਕੀਤਾ ਗਿਆ ਹੈ।

(ਅ) ਗਲੋਬਲ ਪੰਜਾਬੀ ਸੁਸਾਇਟੀ, ਦਿੱਲੀ ਵੱਲੋਂ ਇਕ ਵਿਸ਼ੇਸ਼ ਸਮਾਗਮ ਦੌਰਾਨ ਵਾਈਸ-ਚਾਂਸਲਰ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਨੂੰ GPS Achiever Award ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਸਮਾਗਮ ਦੌਰਾਨ ਪਾਂਡੀਚਰੀ ਦੇ ਮਾਨਯੋਗ ਗਵਰਨਰ ਸ. ਇਕਬਾਲ ਸਿੰਘ ਅਤੇ ਉੱਘੇ ਕ੍ਰਿਕਟ ਖਿਡਾਰੀ ਸ: ਬਿਸ਼ਨ ਸਿੰਘ ਬੇਦੀ ਹਾਜ਼ਰ ਸਨ। ਇਹ ਅਵਾਰਡ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵਿਚ ਨਾਂ ਕਮਾਉਣ ਵਾਲੀਆਂ ਹਸਤੀਆਂ ਨੂੰ ਦਿੱਤਾ ਜਾਂਦਾ ਹੈ।

(ੲ) Natioanl Magnetic Resonance Society of India (NMRS) ਦੀ ਬੰਗਲੌਰ ਵਿਖੇ ਹੋਈ ਰਾਸ਼ਟਰੀ ਕਾਨਫਰੰਸ ਦੌਰਾਨ ਵਾਈਸ-ਚਾਂਸਲਰ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਤਿੰਨ ਸਾਲ ਲਈ NMRS of India ਦੇ ਪ੍ਰਧਾਨ ਚੁਣੇ ਗਏ ਹਨ।

(ਸ) ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੇ ਉਚੇਰੀ ਸਿੱਖਿਆ ਬਾਰੇ ਵਿਭਾਗ ਵੱਲੋਂ ਵਾਈਸ-ਚਾਂਸਲਰ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਸੁਸਾਇਟੀ ਆਫ ਦਾ ਇੰਡੀਅਨ ਇੰਸਟੀਚਿਊਟ ਆਫ ਐਡਵਾਂਸਡ ਸਟੱਡੀ, ਸ਼ਿਮਲਾ ਦੇ ਤਿੰਨ ਸਾਲ ਲਈ ਮੈਂਬਰ ਨਾਮਜ਼ਦ ਹੋਏ ਹਨ।

(ਹ) ਯੂ.ਜੀ.ਸੀ. ਰੈਗੂਲੇਸ਼ਨਜ਼, 2010 (ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਅਕਾਦਮਿਕ ਸਟਾਫ ਦੀਆਂ ਨਿਯੁਕਤੀਆਂ ਲਈ ਘੱਟੋ ਘੱਟ ਯੋਗਤਾਵਾਂ) 'ਤੇ ਮੁੜ ਵਿਚਾਰ ਕਰਨ ਅਤੇ ਸਿਫਾਰਸ਼ਾਂ ਦੇਣ ਲਈ ਬਣਾਈ ਗਈ ਕਮੇਟੀ ਵਿਚ ਵਾਈਸ-ਚਾਂਸਲਰ ਸਾਹਿਬ ਨੂੰ ਮੈਂਬਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਵਾਈਸ-ਚਾਂਸਲਰ ਸਾਹਿਬ ਨੂੰ ਭਾਰਤ ਸਰਕਾਰ ਦੇ ਮਨੁੱਖੀ ਵਸੀਲਿਆਂ ਦੇ ਵਿਭਾਗ ਵੱਲੋਂ University Reforms ਸਬੰਧੀ ਬਣਾਈ ਗਈ CABE ਦੀ Expert Committee ਵਿਚ ਵੀ ਸ਼ਾਮਿਲ ਕੀਤਾ ਗਿਆ ਹੈ।

9. ਏਸ਼ੀਅਨ ਫੈਡਰੇਸ਼ਨ ਆਫ ਸਪੋਰਟਸ ਮੈਡੀਸਨ ਦੀ ਡੈਲੀਗੇਟ ਕੌਂਸਿਲ ਵੱਲੋਂ ਇਸ ਯੂਨੀਵਰਸਿਟੀ ਦੇ ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਫੈਕਲਟੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੂੰ ਚਾਰ ਸਾਲ ਲਈ ਫੈਡਰੇਸ਼ਨ ਦਾ ਸਕੱਤਰ ਜਨਰਲ ਚੁਣਿਆ ਗਿਆ ਹੈ। ਇਸ ਤੋਂ ਇਲਾਵਾ ਪ੍ਰੋਫੈਸਰ ਸੰਧੂ ਨੂੰ ਇੰਟਰਨੈਸ਼ਨਲ ਫੈਡਰੇਸ਼ਨ ਆਫ ਸਪੋਰਟਸ ਮੈਡੀਸਨ (ਫਿਮਜ਼) ਵੱਲੋਂ ਫੈਲੋ ਨਾਮਜ਼ਦ ਕੀਤਾ ਗਿਆ ਹੈ।

10. ਡਾਇਰੈਕਟਰ, ਯੁਵਕ ਭਲਾਈ ਡਾ. ਜਗਜੀਤ ਕੌਰ ਨੂੰ ਉਨ੍ਹਾਂ ਦੀਆਂ ਵਿਦਿਅਕ, ਸਭਿਆਚਾਰਕ ਗਤੀਵਿਧੀਆਂ, ਯੁਵਾ ਪੀੜ੍ਹੀ ਨੂੰ ਸ਼ਿੱਦਤ ਨਾਲ ਅਗਾਂਹਵਧੂ ਵੇਖਣ ਲਈ ਤਤਪਰ ਅਤੇ ਯੁਵਕਾਂ ਦੀ ਭਲਾਈ ਲਈ ਯੋਗ ਲੀਡਰਸ਼ਿਪ ਸਦਕਾ 9 ਦਸੰਬਰ ਨੂੰ ਕੋਕਾ ਕੋਲਾ ਐਕਸਪੋਜ਼ਰ ਮੀਡੀਆ ਵੱਲੋਂ 'ਪਰਾਈਡ ਆਫ ਅੰਮ੍ਰਿਤਸਰ' ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।

11. ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੇ ਪ੍ਰੋਫੈਸਰ ਡਾ. ਨਰਪਿੰਦਰ ਸਿੰਘ ਨੂੰ ਨੈਸ਼ਨਲ ਅਕੈਡਮੀ ਆਫ ਸਾਇੰਸਜ਼, ਇੰਡੀਆ ਦਾ ਫੈਲੋ ਚੁਣਿਆ ਗਿਆ ਹੈ।

12. ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੇ ਮੁਖੀ ਡਾ. ਬਲਵਿੰਦਰ ਸਿੰਘ ਨੂੰ ਹਿਮਾਚਲ ਪ੍ਰਦੇਸ਼ ਸਰਕਾਰ ਦੇ Town and Country Planning Department ਵੱਲੋਂ Heritage Advisory Committee ਦਾ ਸਾਲ 2011-12 ਲਈ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

13. ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫੈਸਰ ਹਰਭਜਨ ਸਿੰਘ ਭਾਟੀਆ ਨੂੰ ਪੰਜਾਬ ਸਰਕਾਰ ਵੱਲੋਂ ਸ਼ੋਮਣੀ ਪੰਜਾਬੀ ਸਾਹਿਤ ਆਲੋਚਕ ਪੁਰਸਕਾਰ ਲਈ ਚੁਣਿਆ ਗਿਆ ਹੈ।

14. ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਡਾ. ਐਚ.ਐਸ. ਚੋਪੜਾ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਪਬਲਿਕ ਲਾਇਬ੍ਰੇਰੀ ਐਕਟ 2011 ਬਨਾਉਣ ਲਈ ਗਠਿਤ Core Committee ਦਾ ਮੈਂਬਰ ਬਣਾਇਆ ਗਿਆ ਹੈ।

15. ਯੂਨੀਵਰਸਿਟੀ ਦੇ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਸ੍ਰੀ ਅੰਮ੍ਰਿਤ

ਪਾਲ ਸਿੰਘ ਨੂੰ ਇੰਡੀਅਨ ਫਾਰਮਾਕੋਲੋਜੀਕਲ ਸੁਸਾਇਟੀ ਵੱਲੋਂ ਸਾਲ 2011 ਦਾ ਸਰੋਜ ਵੀ.ਐਨ. ਸ਼ਰਮਾ ਅਵਾਰਡ ਦਿੱਤਾ ਗਿਆ। ਇਸ ਤੋਂ ਇਲਾਵਾ ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ ਡਾ. ਮਨਿੰਦਰ ਕੌਰ ਨੂੰ ਪੂਨਾ ਵਿਖੇ ਹੋਈ ਫੂਡ ਸਾਇੰਟਿਸਟ ਐਂਡ ਟੈਕਨਾਲੋਜਿਸਟ ਦੀ 21ਵੀਂ ਇੰਡੀਅਨ ਕਨਵੋਕੇਸ਼ਨ ਦੇ ਮੌਕੇ ਐਸੋਸੀਏਸ਼ਨ ਆਫ ਫੂਡ ਸਾਇੰਟਿਸਟ ਐਂਡ ਟੈਕਨਾਲੋਜਿਸਟ ਵੱਲੋਂ ਯੰਗ ਸਾਇੰਟਿਸਟ ਅਵਾਰਡ 2010 ਨਾਲ ਸਨਮਾਨਿਤ ਕੀਤਾ ਗਿਆ।

16. International Consortium of Contemporary Biologists ਅਤੇ Madhawi-Shyam Educational Trust ਵੱਲੋਂ ਸਾਂਝੇ ਤੌਰ ਤੇ ਪਟਨਾ ਵਿਖੇ ਕਰਵਾਈ ਗਈ Fourth International Conference on Life Science Research for Rural and Agricultural Development ਦੌਰਾਨ ਪ੍ਰੋਫੈਸਰ ਅਵਿਨਾਸ਼ ਨਾਗਪਾਲ, ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸ ਵਿਭਾਗ ਨੂੰ Senior Scientist Award ਨਾਲ ਸਨਮਾਨਿਤ ਕੀਤਾ ਗਿਆ।

17. ਯੂਨੀਵਰਸਿਟੀ ਦੀ 38ਵੀਂ ਸਲਾਨਾ ਕਨਵੋਕੇਸ਼ਨ 1 ਫਰਵਰੀ, 2012 ਨੂੰ ਆਯੋਜਿਤ ਕੀਤੀ ਗਈ, ਜਿਸ ਦੀ ਪ੍ਰਧਾਨਗੀ ਗਵਰਨਰ, ਪੰਜਾਬ ਅਤੇ ਚਾਂਸਲਰ, ਮਾਨਯੋਗ ਸ਼ਿਵਰਾਜ ਵੀ. ਪਾਟਿਲ ਜੀ ਨੇ ਕੀਤੀ। ਸ੍ਰੀ ਨਰਾਇਣਾ ਮੂਰਥੀ, ਚੇਅਰਮੈਨ-ਅਮੈਰੀਟਸ ਇਨਫੋਸਿਸ ਲਿਮਿਟਡ, ਬੰਗਲੋਰ ਨੇ ਕਨਵੋਕੇਸ਼ਨ ਭਾਸ਼ਨ ਦਿੱਤਾ ਅਤੇ ਉਨ੍ਹਾਂ ਨੂੰ ਇਸ ਮੌਕੇ D.Sc. (Honoris Causa) ਡਿਗਰੀ ਨਾਲ ਸਨਮਾਨਿਤ ਕੀਤਾ ਗਿਆ।

18. ਅਕਤੂਬਰ 2011 ਤੋਂ ਮਾਰਚ 2012 ਦੌਰਾਨ ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਲਾਇਬ੍ਰੇਰੀ, ਕਾਨੂੰਨ ਵਿਭਾਗ, ਸੋਸ਼ਿਆਲੋਜੀ ਵਿਭਾਗ ਗੁਰੂ ਨਾਨਕ ਅਧਿਐਨ ਵਿਭਾਗ, ਹਿਊਮਨ ਜੈਨੇਟਿਕਸ ਵਿਭਾਗ, ਮਾਈਕ੍ਰੋਬਿਆਲੋਜੀ ਵਿਭਾਗ, ਪੰਜਾਬੀ ਅਧਿਐਨ ਸਕੂਲ ਅਤੇ ਕੈਮਿਸਟਰੀ ਵਿਭਾਗ ਵੱਲੋਂ ਸੈਮੀਨਾਰ/ਕਾਨਫਰੰਸ/ਵਰਕਸ਼ਾਪ/ਸਿੰਪੋਜ਼ੀਅਮ ਆਯੋਜਿਤ ਕੀਤੇ ਗਏ।

19. (ੳ) ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵੱਲੋਂ 'ਡਾ. ਪਰਮਜੀਤ ਸਿੰਘ ਵਾਲੀਆ' ਯਾਦਗਾਰੀ ਭਾਸ਼ਨ ਮਿਤੀ 21 ਫਰਵਰੀ ਨੂੰ ਕਰਵਾਇਆ ਗਿਆ। ਇਹ ਭਾਸ਼ਨ ਪੰਜਾਬ ਯੂਨੀਵਰਸਿਟੀ ਰਿਜ਼ਨਲ ਕੈਂਪਸ, ਸ੍ਰੀ ਮੁਕਤਸਰ ਸਾਹਿਬ ਦੇ ਡਾਇਰੈਕਟਰ, ਪ੍ਰੋਫੈਸਰ ਪਰਮਜੀਤ ਸਿੰਘ ਢੀਂਡਸਾ ਨੇ ਦਿੱਤਾ। ਇਸ ਤੋਂ ਇਲਾਵਾ 28 ਫਰਵਰੀ ਨੂੰ ਸਰਦਾਰਨੀ ਬਲਬੀਰ ਕੌਰ ਬਰਾੜ ਯਾਦਗਾਰੀ ਭਾਸ਼ਨ ਕਰਵਾਇਆ ਗਿਆ। ਇਹ ਭਾਸ਼ਨ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਤੇ ਉੱਘੇ ਵਿਦਵਾਨ ਡਾ. ਜਗਬੀਰ ਸਿੰਘ ਨੇ ਭਾਰਤੀ ਗਿਆਨ ਪ੍ਰੰਪਰਾ ਅਤੇ ਮੱਧਕਾਲੀਨ ਪੰਜਾਬੀ ਸਾਹਿਤ ਵਿਸ਼ੇ 'ਤੇ ਦਿੱਤਾ।

(ਅ) ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ 5 ਅਕਤੂਬਰ ਨੂੰ ਭਾਰਤੀ ਵਿਦਿਅਕ ਪ੍ਰਣਾਲੀ ਅਤੇ ਗੁਰੂ ਨਾਨਕ ਦੇਵ ਜੀ ਵਿਸ਼ੇ ਤੇ 'ਪ੍ਰਿੰਸੀਪਲ ਇਕਬਾਲ ਸਿੰਘ ਮੈਮੋਰੀਅਲ ਲੈਕਚਰ' ਕਰਵਾਇਆ ਗਿਆ। ਇਹ ਵਿਸ਼ੇਸ਼ ਭਾਸ਼ਨ ਮੁੰਬਈ ਤੋਂ ਪ੍ਰੋਫੈਸਰ ਦਵਿੰਦਰ ਸਿੰਘ ਨੇ ਦਿੱਤਾ।

(ੲ) ਯੂਨੀਵਰਸਿਟੀ ਦੇ ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ 15 ਨਵੰਬਰ ਨੂੰ 'ਸਰਦਾਰ ਬਿਸ਼ਨ ਸਿੰਘ ਸਮੁੰਦਰੀ ਮੈਮੋਰੀਅਲ ਲੈਕਚਰ' ਕਰਵਾਇਆ ਗਿਆ। ਇਹ ਲੈਕਚਰ ਪ੍ਰੋਫੈਸਰ ਮਨਜੀਤ ਸਿੰਘ ਕੰਗ, ਸਾਬਕਾ ਵਾਈਸ-ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਦਿੱਤਾ।

20. ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵੱਲੋਂ 21 ਅਕਤੂਬਰ ਨੂੰ 'Problems of Indian Women who go to USA after marrying with the NRI's' ਵਿਸ਼ੇ ਤੇ ਵਿਸ਼ੇਸ਼ ਭਾਸ਼ਨ ਕਰਵਾਇਆ ਗਿਆ। ਇਹ ਭਾਸ਼ਨ ਅਮਰੀਕਾ ਦੀ Immigration and Business Services ਦੀ ਫਾਊਂਡਰ ਪ੍ਰਧਾਨ Ms. Anu Peshawaria ਨੇ ਦਿੱਤਾ।

21. ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵੱਲੋਂ ਮਿਤੀ 5 ਦਸੰਬਰ ਤੋਂ 10 ਦਸੰਬਰ ਤੱਕ ਕਰਵਾਏ ਸ਼ਾਰਟ ਟਰਮ ਕੋਰਸ ਦੌਰਾਨ ਅਮਰੀਕਾ ਦੀ ਇਨਫਰਮੇਸ਼ਨ ਟੈਕਨਾਲੋਜੀ 'ਚ ਪ੍ਰਸਿੱਧ ਕੰਪਨੀ ਬੀ.ਐਸ.ਸੀ. ਗਲੋਬਲ ਬਿਜ਼ਨੈਸ ਸੈਲਿਊਸ਼ਨ ਦੇ ਪ੍ਰਧਾਨ ਮਿਸਟਰ ਆਰ. ਲੈਮਿਊਲ ਲੈਸ਼ਰ ਨੇ ਸੂਚਨਾ ਤਕਨੀਕ ਤੇ ਅਗਲੀ ਪੀੜ੍ਹੀ ਵਿਸ਼ੇ 'ਤੇ ਭਾਸ਼ਨ ਦਿੱਤਾ।

22. ਯੂ.ਜੀ.ਸੀ. ਦੀ ਨੈਕ ਟੀਮ ਅਕਾਦਮਿਕ ਸਟਾਫ ਕਾਲਜ ਦਾ ਮੁਲਾਂਕਣ ਕਰਨ ਲਈ ਮਿਤੀ 13-15 ਫਰਵਰੀ, 2012 ਨੂੰ ਇਸ ਯੂਨੀਵਰਸਿਟੀ ਦੇ ਦੌਰੇ ਤੇ ਆਈ। ਨੈਕ ਟੀਮ ਨੇ ਮੁਲਾਂਕਣ ਉਪਰੰਤ ਅਕਾਦਮਿਕ ਸਟਾਫ ਕਾਲਜ ਦੇ ਕਾਰਜ ਸਬੰਧੀ ਆਪਣੀ ਤੱਸਲੀ ਪ੍ਰਗਟ ਕੀਤੀ।

23. ਯੂਨੀਵਰਸਿਟੀ ਵਿਖੇ 15 ਮਾਰਚ ਨੂੰ 42ਵਾਂ ਸਾਲਾਨਾ ਖੇਡ ਇਨਾਮ ਵੰਡ ਸਮਾਗਮ 2011-12 ਆਯੋਜਿਤ ਕੀਤਾ ਗਿਆ, ਜਿਸ ਵਿਚ ਪਦਮਸ਼੍ਰੀ ਬਿਸ਼ਨ ਸਿੰਘ ਬੇਦੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਇਸ ਸਮਾਗਮ ਵਿਚ ਲਗਭਗ 450 ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ।

24. ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵੱਲੋਂ ਮਿਤੀ 17 ਫਰਵਰੀ ਤੋਂ 15 ਮਾਰਚ, 2012 ਤੱਕ 28 ਦਿਨਾ ਜਨਰਲ ਓਰੀਐਂਟੇਸ਼ਨ ਕੋਰਸ-87 ਲਗਾਇਆ ਗਿਆ।

25. ਯੂਨੀਵਰਸਿਟੀ ਵਿਖੇ ਅੰਤਰ-ਵਿਭਾਗੀ ਕਲਾ ਅਤੇ ਸਭਿਆਚਾਰਕ ਮੁਕਾਬਲਿਆਂ ਦਾ ਪ੍ਰੋਗਰਾਮ 'ਜਸ਼ਨ-2012' ਮਾਰਚ 1-4, 2012 ਨੂੰ ਆਯੋਜਿਤ ਕੀਤਾ ਗਿਆ।

26. ਵੱਖ-ਵੱਖ ਸੰਸਥਾਵਾਂ ਤੋਂ ਯੂਨੀਵਰਸਿਟੀ ਨੂੰ ਖੋਜ-ਕਾਰਜਾਂ/ਮੰਤਵਾਂ ਲਈ 170.65 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | | Rs. (in Crores) |
|---|---|---|
| 1. | Centre with Potential for Excellence in Particular Area | 6.15 |
| 2. | Centre for Study in Sri Guru Granth Sahib | 47.50 |
| 3. | PURSE program (for 3 years Rs. 3 Crore/year) | 9.00 |
| 4. | Girls Hostel, GNDU Campus | 9.00 |
| 5. | Hostel, Regional Campus, Sathiala | 5.00 |
| 6. | Heritage Village | 20.00 |
| 7. | Regional Campus, Sathiala | 9.00 |
| 8. | Lecture Complex, GNDU Campus | 3.00 |
| 9. | Astroturf | 4.00 |
| 10. | Hockey Stadium | 8.00 |
| 11. | University with Potential for Excellence | 50.00 |

**ਸੈਨੇਟ ਵੱਲੋਂ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।**

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ

(ਅ.ਸ. ਬਰਾੜ)
ਉਪ-ਕੁਲਪਤੀ